MORTGAGE EXPERT
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM
SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 09 ISSUE : 23 SATURDAY, 05 JUNE, 2021
www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਐਸਟਰਾਜ਼ੇਨਕਾ ਟੀਕਾ ਲਗਵਾਉਣ ਵਾਲੇ ਬੀ.ਸੀ. ਵਾਸੀ ਦੂਸਰੀ ਡੋਜ਼ ਲਈ ਕਰ ਸਕਣਗੇ ਚੋਣ




ਵਿਕਟੋਰੀਆ-ਬ੍ਰਿਟਿਸ਼ ਕੋਲੰਬੀਅਨ ਵਾਸੀ ਜਿਨ੍ਹਾਂ ਨੇ ਪਹਿਲਾਂ ਐਸਟਰਾਜ਼ੇਨਕਾ ਟੀਕਾ ਲਗਵਾਇਆ ਹੈ ਜਿਹੜਾ ਖ਼ੂਨ ਵਿਚ ਥੱਕੇ ਬਣਨ ਦੇ ਮਾਮਲਿਆਂ ਨਾਲ ਜੁੜਿਆ ਹੋਇਆ ਹੈ ਉਹ ਦੂਸਰੀ ਖੁਰਾਕ ਹੋਰ ਟੀਕੇ ਦੀ ਲੈ ਸਕਣਗੇ। ਡਾ. ਬੋਨੀ ਹੈਨਰੀ ਨੇ ਕਿਹਾ ਕਿ ਟੀਕਾਕਰਣ ਬਾਰੇ ਕੌਮੀ ਸਲਾਹਕਾਰ ਕਮੇਟੀ ਜਾਂ ਐਨਏਸੀਆਈ ਨੇ ਟੀਕਿਆਂ ਦੇ ਵਟਾਂਦਰੇ ਦੀ ਸੁਰੱਖਿਆ ਤੇ ਪ੍ਰਭਾਵਕਤਾ ਦੀ ਪੁਸ਼ਟੀ ਕੀਤੀ ਹੈ ਅਤੇ ਗੰਭੀਰ ਬਿਮਾਰੀ ਤੇ ਮੌਤ ਦੇ ਸਭ ਤੋਂ ਜ਼ਿਆਦਾ ਖ਼ਤਰੇ ਵਾਲੇ ਲੋਕਾਂ ਨੂੰ ਦੂਸਰੀ ਖੁਰਾਕ ਦੇਣ ਲਈ ਤਰਜੀਹ ਦੇਣ ਦੀ ਸਿਫਾਰਸ਼ ਕੀਤੀ ਹੈ। ਐਨਏਸੀਆਈ ਨੇ ਲੋਕਾਂ ਜਿਨ੍ਹਾਂ ਨੇ ਪਹਿਲਾ ਟੀਕਾ ਐਸਟਰਾਜ਼ੇਨਕਾ ਦਾ ਲਗਵਾਇਆ ਸੀ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੀ ਦੂਸਰੀ ਖੁਰਾਕ ਲਈ ਸੁਰੱਖਿਆ ਨਾਲ ਉਹੀ ਟੀਕਾ ਜਾਂ ਐਮਆਰਐਨਏ ਟੀਕਾ ਫਾਈਜ਼ਰ ਜਾਂ ਮੋਡਰਨਾ ਲਗਵਾ ਸਕਦੇ ਹਨ। ਅਪ੍ਰੈਲ ਵਿਚ ਬੀਸੀ ਨੇ ਐਸਟਰਾਜ਼ੇਨਕਾ ਟੀਕੇ ਦੀ ਪੇਸ਼ਕਸ਼ ਸ਼ੁਰੂ ਕੀਤੀ ਸੀ ਜਿਹੜਾ ਬਰਤਾਨੀਆ ਵਿਚ ਟੀਕਾਕਰਣ ਦੀ ਰੀੜ੍ਹ ਦੀ ਹੱਡੀ ਰਿਹਾ ਹੈ। ਬੀਸੀ ਵਿਚ 314000 ਟੀਕੇ ਦੀਆਂ ਖੁਰਾਕਾਂ ਦਿੱਤੀਆਂ ਗਈਆਂ ਹਨ। ਹੈਨਰੀ ਨੇ ਸੂਬੇ ਵਿਚ ਕੋਵਿਡ-19 ਦੇ 184 ਨਵੇਂ ਮਾਮਲੇ ਆਉਣ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਹੁਣ ਕੋਈ ਮੌਤ ਨਹੀਂ ਹੋਈ।

### ਰਿਹਾਇਸ਼ੀ ਸਕੂਲ ਚ ਬੱਚਿਆਂ ਦੇ ਪਿੰਜਰ ਮਿਲਣ ਦਾ ਮਾਮਲਾ

# ਕੈਨੇਡਾ ਆਪਣਾ ਫਰਜ਼ ਨਿਭਾਉਣ ਵਿਚ ਅਸਫ਼ਲ ਰਿਹਾ-ਟਰੂਡੋ

## ਪਾਰਲੀਮੈਂਟ ਵਿਚ ਸੰਵੇਦਨਸ਼ੀਲ ਮੁੱਦੇ 'ਤੇ ਬਹਿਸ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਇਹ ਕੈਨੇਡਾ ਦਾ ਕਸੂਰ ਹੈ ਕਿ ਬੀਸੀ ਵਿਚ ਕਮਲੂਪਸ ਵਿਚ ਇਕ ਸਮੇਂ ਦੇ ਰਿਹਾਇਸ਼ੀ ਸਕੂਲ ਵਿਖੇ ਸਮੂਹਿਕ ਕਬਰ ਵਿਚ 215 ਮੂਲਨਿਵਾਸੀ ਬੱਚੇ ਬਿਨ੍ਹਾਂ ਨਿਸ਼ਾਨ ਦੇ ਦਫਨਾ ਦਿੱਤੇ ਗਏ ਸਨ। ਟਰੂਡੋ ਨੇ ਕਿਹਾ ਕਿ ਕੈਨੇਡੀਅਨ ਆਪਣੀਆਂ ਅੱਖਾਂ ਬੰਦ ਨਹੀਂ ਕਰ ਸਕਦੇ ਅਤੇ ਇਹ ਬਹਾਨਾ ਨਹੀਂ ਕਰ ਸਕਦੇ ਕਿ ਅਜਿਹਾ ਨਹੀਂ ਵਾਪਰਿਆ, ਉਨ੍ਹਾਂ ਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਦੇਸ਼ ਉਨ੍ਹਾਂ ਬੱਚਿਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੀਆਂ ਕਮਿਊਨਿਟੀਜ਼ ਪ੍ਰਤੀ ਆਪਣਾ ਫਰਜ਼ ਨਿਭਾਉਣ ਵਿਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੈਨੇਡੀਅਨਾਂ ਨੂੰ ਇਹ ਮੰਨਣਾ ਪਵੇਗਾ ਕਿ ਪਿਛਲੇ ਹਫ਼ਤੇ ਬੱਚਿਆਂ ਦੇ ਕੰਕਾਲਾਂ ਦੀ ਭਿਆਨਕ ਖੋਜ ਇਕ ਵੱਡੇ ਦੁਖਾਂਤ ਦਾ ਹਿੱਸਾ ਹੈ ਜਿਸ ਵਿਚ ਹਜ਼ਾਰਾਂ ਸਵਦੇਸ਼ੀ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲੋਂ ਤੋੜ ਕੇ ਰਿਹਾਇਸ਼ੀ ਸਕੂਲਾਂ ਵਿਚ ਭੇਜਿਆ ਗਿਆ ਜਿਥੇ ਉਨ੍ਹਾਂ ਵਿਚੋਂ ਨਾਮਾਲੂਮ ਗਿਣਤੀ ਵਿਚ ਲਾਪਤਾ ਹੋ ਗਏ ਜਿਨ੍ਹਾਂ ਦੀ ਕੋਈ ਭਾਲ ਨਹੀਂ ਹੋਈ। ਅੱਜ ਕੁਝ ਬੱਚੇ ਕਮਲੂਪਸ ਵਿਚ ਮਿਲੇ ਹਨ ਅਤੇ ਜਿਹੜੇ ਦੇਸ਼ ਭਰ ਵਿਚ ਦੂਸਰੀਆਂ ਥਾਵਾਂ 'ਤੇ ਅਜੇ ਲੱਭੇ ਜਾਣੇ ਹਨ ਜੋ ਦਾਦੇ ਜਾਂ ਪੜਦਾਦੇ ਹੋਣੇ ਸਨ। ਮੰਗਲਵਾਰ ਰਾਤ ਮੁੱਦੇ 'ਤੇ ਵਿਸ਼ੇਸ਼ ਬਹਿਸ ਦੌਰਾਨ ਹਾਊਸ ਆਫ ਕਾਮਨਜ਼ ਵਿਚ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੇ ਬਜ਼ੁਰਗ, ਗਿਆਨਵਾਨ ਅਤੇ ਕਮਿਊਨਿਟੀ ਆਗੂ ਹੋਣਾ ਸੀ। ਟਰੂਡੋ ਨੇ ਕਬਰਾਂ ਵਾਲੀਆਂ ਥਾਵਾਂ ਨੂੰ ਸੰਭਾਲ ਕੇ ਰੱਖਣ ਅਤੇ ਦੂਸਰੇ ਸਾਬਕਾ ਰਿਹਾਇਸ਼ੀ ਸਕੂਲਾਂ ਵਿਖੇ ਬਿਨ੍ਹਾਂ ਨਿਸ਼ਾਨ ਵਾਲੇ ਸੰਭਾਵਤ ਕਬਰਸਤਾਨਾਂ ਨੂੰ ਲੱਭਣ ਵਿਚ ਫੈਡਰਲ ਸਰਕਾਰ ਵਲੋਂ ਸਹਾਇਤਾ ਦਾ ਵਾਅਦਾ ਕੀਤਾ। ਪਰ ਉਨ੍ਹਾਂ ਤੇ ਉਨ੍ਹਾਂ ਦੇ ਮੰਤਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਸਵਦੇਸ਼ੀ ਕਮਿਊਨਿਟੀਜ ਨੂੰ ਇਹ ਫ਼ੈਸਲਾ ਲੈਣਾ ਚਾਹੀਦਾ ਹੈ ਕਿ ਉਹ ਕਿਵੇਂ ਅੱਗੇ ਵਧਣਾ ਚਾਹੁੰਦੇ ਹਨ।



ਕੰਸਰਵੇਟਿਵ ਨੇਤਾ ਐਰਿਨ ਓਟੂਲ ਨੇ ਸਰਕਾਰ ਨੂੰ ਸੱਦਾ ਦਿੱਤਾ ਕਿ ਉਹ ਟਰੁੱਥ ਐਂਡ ਰੀਕੌਂਸੀਲੀਏਸ਼ਨ ਕਮਿਸ਼ਨ ਵਲੋਂ ਦਸਤਾਵੇਜ਼ਾਂ ਅਤੇ ਬੱਚਿਆਂ ਜਿਹੜੇ ਰਿਹਾਇਸ਼ੀ ਸਕੂਲਾਂ ਵਿਚ ਮਰ ਗਏ ਸਨ ਦੀ ਯਾਦ ਦਿਵਾਉਣ ਅਤੇ ਉਨ੍ਹਾਂ ਦੀਆਂ ਕਬਰਾਂ ਵਾਲੇ ਸਥਾਨਾਂ ਦੀ ਸੁਰੱਖਿਆ ਲਈ ਕਹੀਆਂ 6 ਗੱਲਾਂ ਨੂੰ ਤੁਰੰਤ ਤਰਜੀਹ ਦੇਵੇ। ਓਟੂਲ ਨੇ ਪਾਰਲੀਮੈਂਟ ਨੂੰ ਵੀ ਸੱਦਾ ਦਿੱਤਾ ਕਿ ਉਹ ਤੁਰੰਤ ਬਿੱਲ ਪਾਸ ਕਰੇ ਜਿਸ ਵਿਚ ਨਾਗਰਿਕਤਾ ਲਈ ਸਹੁੰ ਵਿਚ

*(ਬਾਕੀ ਸਫ਼ਾ 8 'ਤੇ)*


For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY
AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca


Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated BBB ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXIO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 23 SATURDAY, 05 JUNE, 2021
www.punjablinkpaper.com 604-503-5465

Punjabi Link Radio
ਰੇਡੀਓ ਹੁਣ ਤੁਹਾਡੇ ਫੋਨ ਵਿਚ
App Store · Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12.00pm to 2:00pm
B.C. Time Mon to Sat
Amarjit Singh Sidhu
Surrey Studio: 778-564-5642
Office: 1-844-884-8840
www.punjabilinkradio.com

# ਪੰਜਾਬ ਕਾਂਗਰਸ ਦੀ ਕਾਟੋ ਕਲੇਸ਼ ਦੌਰਾਨ ਸੁਖਪਾਲ ਖਹਿਰਾ ਅਤੇ ਦੋ ਹੋਰ ਆਪ ਵਿਧਾਇਕ ਕਾਂਗਰਸ ਵਿਚ ਸ਼ਾਮਿਲ

## ਕੈਪਟਨ ਅਮਰਿੰਦਰ ਸਿੰਘ ਨੇ ਤਿੰਨਾਂ ਦਾ ਕੀਤਾ ਸਵਾਗਤ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਸਾਬਕਾ ਆਗੂ ਸੁਖਪਾਲ ਸਿੰਘ ਖਹਿਰਾ ਸਣੇ ਤਿੰਨ ਵਿਧਾਇਕ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਿੱਲੀ ਜਾਣ ਤੋਂ ਪਹਿਲਾਂ

**ਖਹਿਰਾ ਨੇ ਕਿਹਾ ਕਿ ਆਪ ਵਿਚ ਜਾਣਾ ਉਹਨਾਂ ਦੀ ਸਭ ਤੋ ਵੱਡੀ ਗਲਤੀ ਸੀ**



ਚੰਡੀਗੜ੍ਹ ਰਿਹਾਇਸ਼ ਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ, ਆਮ ਆਦਮੀ ਪਾਰਟੀ ਦੇ ਮੌੜ ਤੋਂ ਬਾਗੀ ਵਿਧਾਇਕ ਜਗਦੇਵ ਸਿੰਘ ਕਮਾਲੂ ਅਤੇ ਭਦੌੜ ਤੋਂ ਪਿਰਮਲ ਸਿੰਘ ਧੌਲਾ ਨੂੰ ਕਾਂਗਰਸ ਵਿੱਚ ਸ਼ਾਮਲ ਕਰਵਾਇਆ। ਕੈਪਟਨ ਨੇ ਦੱਸਿਆ ਕਿ ਤਿੰਨ ਸੀਨੀਅਰ ਨੇਤਾਵਾਂ ਨੂੰ ਸ਼ਾਮਲ ਕਰਨ ਲਈ ਏਆਈਸੀਸੀ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਦੁਆਰਾ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਖਹਿਰਾ ਅਤੇ ਉਨ੍ਹਾਂ ਦੇ ਸਾਥੀਆਂ ਦੇ ਸ਼ਾਮਲ ਹੋਣ ਨਾਲ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਪਟਿਆਲਾ ਤੋਂ ਸੰਸਦ ਮੈਂਬਰ ਸ੍ਰੀਮਤੀ ਪ੍ਰਨੀਤ ਕੌਰ ਵੀ ਮੌਜੂਦ ਸਨ।ਜ਼ਿਕਰਯੋਗ ਹੈ ਕਿ ਇਹਨੀ ਦਿਨੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਵਿਚ ਬਾਗੀ ਸੁਰਾਂ ਕਾਰਣ ਸੰਕਟ ਚੋ ਲੰਘ ਰਹੇ ਹਨ। ਕਾਂਗਰਸ ਹਾਈਕਮਾਨ ਨੇ ਸੰਕਟ ਦੇ ਹੱਲ ਲਈ ਇਕ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਹੈ। ਇਸ ਕਮੇਟੀ ਅੱਗੇ ਬਾਗੀ ਆਗੂ ਨਵਜੋਤ ਸਿੰਘ ਸਿੱਧੂ ਤੇ ਉਹਨਾਂ ਦੇ ਸਾਥੀ ਵਿਧਾਇਕ ਕਮੇਟੀ ਨੂੰ ਮਿਲ ਚੁੱਕੇ ਹਨ। ਹੁਣ ਕੈਪਟਨ ਅਮਰਿੰਦਰ ਸਿੰਘ ਵੀ ਕਮੇਟੀ ਅੱਗੇ ਪੇਸ਼ ਹੋਣ ਲਈ ਦਿੱਲੀ ਜਾ ਰਹੇ ਹਨ ਪਰ ਇਸ ਦੌਰਾਨ ਉਹਨਾਂ ਨੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਕਾਂਗਰਸ ਵਿਚ ਸ਼ਾਮਿਲ ਕਰਕੇ ਹਾਈਕਮਾਨ ਨੂੰ ਇਹ ਸੰਦੇਸ਼ ਦੇਣ ਦਾ ਸਫਲ ਯਤਨ ਕੀਤਾ ਹੈ ਕਿ ਉਸਦੀ ਪੰਜਾਬ ਕਾਂਗਰਸ ਅਤੇ ਸਰਕਾਰ ਉਪਰ ਪਕੜ ਮਜ਼ਬੂਤ ਹੈ।

### ਸਿੱਧੂ ਚਾਹੁੰਦੇ ਹਨ ਕੈਪਟਨ ਸਰਕਾਰ ਵਿਚ ਸਨਮਾਨਯੋਗ ਵਾਪਸੀ..?

ਨਵੀਂ ਦਿੱਲੀ-ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦਰਮਿਆਨ ਚਲ ਰਿਹਾ ਵਿਵਾਦ *(ਬਾਕੀ ਸਫ਼ਾ 8 'ਤੇ)*

## ਕੇਂਦਰੀ ਕਮੇਟੀ ਕੋਲ ਕਈ ਵਿਧਾਇਕਾਂ ਦੇ ਕੈਪਟਨ ਖ਼ਿਲਾਫ਼ ਭੁਗਤਣ ਦੇ ਚਰਚੇ

ਚੰਡੀਗੜ੍ਹ (ਦਵਿੰਦਰਪਾਲ)--ਪੰਜਾਬ ਦੇ ਕਾਂਗਰਸੀ ਵਿਧਾਇਕਾਂ ਦੇ ਇੱਕ ਵੱਡੇ ਧੜੇ ਅਤੇ ਮੰਤਰੀਆਂ ਵੱਲੋਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਜਾਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਲਾਂ ਵਧਦੀਆਂ ਦਿਖਾਈ ਦੇ ਰਹੀਆਂ ਹਨ। ਇਸ ਦਾ ਅਸਰ ਵਜ਼ਾਰਤ ਦੀ ਮੀਟਿੰਗ 'ਤੇ ਵੀ ਸਪੱਸ਼ਟ ਪਿਆ ਦਿਖਾਈ ਦੇ ਰਿਹਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਮੰਤਰੀ ਮੰਡਲ ਦੇ ਏਜੰਡੇ ਵਿੱਚ ਸ਼ਾਮਲ ਜ਼ਿਆਦਾਤਰ ਮੱਦਾਂ 'ਤੇ ਵਿਚਾਰ ਨਹੀਂ ਕੀਤਾ ਗਿਆ ਤੇ ਦੋ ਕੁ ਮਾਮਲਿਆਂ 'ਤੇ ਮੋਹਰ ਲਾਉਣ ਮਗਰੋਂ ਮੰਤਰੀ ਮੰਡਲ ਦੀ ਮੀਟਿੰਗ ਖਤਮ ਕਰ ਦਿੱਤੀ ਗਈ। ਮੁੱਖ ਮੰਤਰੀ ਲਈ ਚੁਣੌਤੀ ਇਸ ਕਰਕੇ ਜ਼ਿਆਦਾ ਹੈ ਕਿਉਂਕਿ ਅੱਧੀ ਦਰਜਨ ਦੇ ਕਰੀਬ ਮੰਤਰੀਆਂ ਨੇ ਕਾਂਗਰਸ ਆਗੂਆਂ ਦੀ ਤਿੰਨ ਮੈਂਬਰੀ ਕਮੇਟੀ ਸਾਹਮਣੇ ਸਰਕਾਰ ਦੀ ਕਾਰਗੁਜ਼ਾਰੀ ਸਬੰਧੀ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਸੂਤਰਾਂ ਦਾ ਤਾਂ ਇਹ ਵੀ ਦੱਸਣਾ ਹੈ ਕਿ ਪਿਛਲੇ ਸਾਢੇ ਚਾਰ ਸਾਲਾਂ ਤੋਂ ਮੁੱਖ ਮੰਤਰੀ ਦੇ ਕਰੀਬੀ ਮੰਨੇ ਜਾਂਦੇ ਦੋ ਮੰਤਰੀਆਂ ਨੇ ਵੀ ਬਾਗੀਆਂ ਦੇ ਨਾਲ ਸੁਰ ਮਿਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਮਲਿਕਾਰੁਜਨ ਖੜਗੇ, ਜੇ.ਪੀ. ਅਗਰਵਾਲ ਅਤੇ ਹਰੀਸ਼ ਰਾਵਤ 'ਤੇ ਅਧਾਰਿਤ ਤਿੰਨ ਮੈਂਬਰੀ ਕਮੇਟੀ ਨੇ ਲਗਾਤਾਰ ਤੀਸਰੇ ਦਿਨ ਪੰਜਾਬ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨਾਲ ਮੁਲਾਕਾਤ ਕੀਤੀ। ਮੁਲਾਕਾਤ ਕਰਨ ਵਾਲਿਆਂ *(ਬਾਕੀ ਸਫ਼ਾ 8 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਰੀ ਮੇਅਰ ਵਲੋਂ ਪੁਲਿਸ ਬਾਰੇ ਰਾਇਸ਼ਮਾਰੀ ਮਤੇ ਨੂੰ ਮੁੜ ਸੁਰਜੀਤ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ

ਸਰੀ-ਸਰੀ ਕੌਂਸਲ ਦੀ ਲੰਬੀ ਮੀਟਿੰਗ ਵਿਚ ਮੇਅਰ ਡੱਗ ਮੈਕਲਮ ਵਲੋਂ ਪੁਲਿਸ ਦਾ ਕੰਮਕਾਜ ਸਰੀ ਆਰਸੀਐਮਪੀ ਤੋਂ ਲੈ ਕੇ ਸਰੀ ਪੁਲਿਸ ਸਰਵਿਸ ਨੂੰ ਦੇਣ ਬਾਰੇ ਰਾਏਸ਼ਮਾਰੀ ਸਬੰਧੀ ਮਤੇ ਨੂੰ ਸਰੀ ਕੌਂਸਲਰ ਬਰੇਂਡਾ ਲੋਕੇ ਦੁਆਰਾ ਆਪਣੇ ਮਤੇ ਨੂੰ ਮੁੜ ਸੁਰਜੀਤ ਕਰਨ ਦੇ ਕੀਤੇ ਨਵੇਂ ਸਿਰੇ ਤੋਂ ਕੀਤੇ ਯਤਨਾਂ ਨੂੰ ਇਕ ਵਾਰ ਫਿਰ ਬੇਕਾਰ ਐਲਾਨਣ ਪਿੱਛੋਂ ਲੋਕੇ ਨੇ ਤੜਕੇ ਹੀ ਆਪਣੇ ਵਕੀਲ ਨਾਲ ਸੰਪਰਕ ਕੀਤਾ। ਉਸ ਨੇ ਕਿਹਾ ਕਿ ਇਹ ਪਹਿਲਾਂ ਹੀ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਰਾਏਸ਼ਮਾਰੀ ਚਾਹੁੰਦੇ ਹਨ। ਪਿਛਲੇ ਹਫ਼ਤੇ ਕੌਂਸਲਰ ਬਰੇਂਡਾ ਲੋਕੇ ਨੇ ਧਮਕੀ ਦਿੱਤੀ ਸੀ ਕਿ ਜੇਕਰ ਰਾਏਸ਼ਮਾਰੀ ਕਰਵਾਉਣ ਤੋਂ ਇਨਕਾਰ ਕੀਤਾ ਗਿਆ ਤਾਂ ਉਹ ਕਾਨੂੰਨੀ ਕਾਰਵਾਈ ਦਾ ਸਹਾਰਾ ਲਵੇਗੀ। ਮੈਕਲਮ ਨੇ ਕਿਹਾ ਕਿ ਉਹ ਇਕ ਵਾਰ ਫਿਰ ਉਨ੍ਹਾਂ ਦੇ ਮਤੇ ਨੂੰ ਆਊਟ ਆਫ ਆਰਡਰ ਹੋਣ ਦਾ ਫ਼ੈਸਲਾ ਦਿੰਦੇ ਹਨ। ਇਸ 'ਤੇ ਦੁਬਾਰਾ ਵੋਟ ਨਹੀਂ ਪਾਈ ਜਾਵੇਗੀ।



## ਸਰੀ ਕੌਂਸਲ ਵਲੋਂ 84ਵੀਂ ਐਵੀਨਿਊ ਨੂੰ ਬੀਅਰ ਕਰੀਕ ਪਾਰਕ ਦੇ ਦੱਖਣ ਤੱਕ ਵਧਾਉਣ ਦੀ ਯੋਜਨਾ

ਸਰੀ-ਸਰੀ ਦੀ 84ਵੀਂ ਐਵੀਨਿਊ ਦੇ ਵਿਸਤਾਰ ਨੂੰ ਲੈ ਕੇ ਵਿਰੋਧਤਾ ਹੋਰ ਤੇਜ਼ ਹੋ ਗਈ ਹੈ। ਕੌਂਸਲ ਨੇ ਬੀਅਰ ਕਰੀਕ ਪਾਰਕ ਦੇ ਦੱਖਣ ਤਕ 84ਵੀਂ ਐਵੀਨਿਊ ਨੂੰ ਕਿੰਗ ਜੌਰਜ ਬੌਲਵਾਰਡ ਅਤੇ 140ਵੀਂ ਸਟਰੀਟ ਨਾਲ ਜੋੜਨ ਦੀ ਵਿਵਾਦਪੂਰਣ ਯੋਜਨਾ 'ਤੇ ਬਹਿਸ ਕੀਤੀ ਜਦਕਿ ਫਰੈਂਡਸ ਆਫ ਬੀਅਰ ਕਰੀਕ ਪਾਰਕ ਨੇ ਪ੍ਰਾਜੈਕਟ ਦੇ ਖਿਲਾਫ ਸਿਟੀ ਹਾਲ ਦੇ ਬਾਹਰ ਰੋਸ ਮੁਜ਼ਾਹਰਾ ਕੀਤਾ। ਫੋਰਸ ਆਫ ਨੇਚਰ ਦੇ ਪ੍ਰਧਾਨ ਅਤੇ ਫਰੈਂਡਸ ਆਫ ਬੀਅਰ ਕਰੀਕ ਪਾਰਕ ਦੇ ਆਰਗਨਾਈਜ਼ਰ ਸੇਬੇਸਟੀਅਨ ਸਜਦਾ ਨੇ ਕਿਹਾ ਕਿ ਸਿਟੀ ਦੀ ਯੋਜਨਾ ਸਰੀ ਦੇ ਹਰੇ ਭਰੇ ਸਥਾਨਾਂ ਵਿਚੋਂ ਇਕ ਨੂੰ ਨਸ਼ਟ ਕਰ ਦੇਵੇਗੀ ਅਤੇ ਜਾਨਵਰਾਂ ਦੇ ਨਿਵਾਸ ਲਈ ਖ਼ਤਰਾ ਪੈਦਾ ਕਰੇਗੀ। ਸੇਫ ਸਰੀ ਕੁਲੀਸ਼ਨ ਨੇ ਬਹੁਮਤ ਨਾਲ ਫ਼ੈਸਲਾ ਲੈ ਕੇ ਸਿਟੀ ਸਟਾਫ ਨੂੰ ਪ੍ਰਾਜੈਕਟ ਦਾ ਵਿਸਥਾਰਤ ਡਿਜ਼ਾਈਨ ਜਾਰੀ ਰੱਖਣ ਅਤੇ ਡਿਜ਼ਾਈਨ ਦੇ ਇਕ ਵਾਰ ਮੁਕੰਮਲ ਹੋਣ 'ਤੇ ਇਸ ਦੀ ਉਸਾਰੀ ਲਈ ਟੈਂਡਰ ਜਾਰੀ ਕਰਨ ਦਾ ਅਧਿਕਾਰ ਦਿੱਤਾ ਹੈ।



## ਵੱਡੇ ਕਮਿਊਨਿਟੀ ਪ੍ਰਾਜੈਕਟਾਂ 'ਤੇ ਸਰੀ ਤੇਜ਼ੀ ਨਾਲ ਕੰਮ ਕਰ ਰਿਹਾ-ਮੇਅਰ

ਸਰੀ-ਸਰੀ ਕੌਂਸਲ ਕੁਝ ਵੱਡੀ ਕਮਿਊਨਿਟੀ ਪ੍ਰਾਜੈਕਟਾਂ 'ਤੇ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਜਿਨ੍ਹਾਂ ਵਿਚ ਨਿਉਟਨ ਕਮਿਊਨਿਟੀ ਸੈਂਟਰ ਅਤੇ ਬੀਅਰ ਕਰੀਕ ਪਾਰਕ ਐਥਲੈਟਿਕਸ ਸੈਂਟਰ ਸ਼ਾਮਿਲ ਹਨ। ਮੇਅਰ ਡੱਗ ਮੈਕਲਮ ਨੇ ਕਿਹਾ ਕਿ ਅਸੀਂ ਬਹੁਤ ਛੇਤੀ ਬਹੁਤ ਸਾਰੇ ਵੱਡੇ ਪ੍ਰਾਜੈਕਟ ਸ਼ੁਰੂ ਕਰ ਰਹੇ ਹਾਂ। ਅਸੀਂ ਇਨ੍ਹਾਂ ਸਾਰੇ ਪ੍ਰਾਜੈਕਟਾਂ 'ਤੇ ਤੇਜ਼ੀ ਨਾਲ ਅੱਗੇ ਵਧਦੇ ਰਹਾਂਗੇ। ਕੌਂਸਲ ਨੇ ਸੋਮਵਾਰ ਸਿਟੀ ਸਟਾਫ ਦੀ ਸਿਫਾਰਸ਼ ਨੂੰ ਪ੍ਰਵਾਨਗੀ ਦੇ ਦਿੱਤੀ ਜਿਸ ਵਿਚ ਨਿਊਟਨ ਕਮਿਊਨਿਟੀ ਸੈਂਟਰ ਪ੍ਰਾਜੈਕਟ ਲਈ 4357069 ਡਾਲਰ ਦਾ ਠੇਕਾ ਟੀਕੇਏ ਪਲੱਸ ਡੀ ਆਰਕੀਟੈਕਚਰ ਪਲੱਸ ਡਿਜ਼ਾਈਨ ਇੰਕ ਅਤੇ ਮੈਕਲੇਨਨ ਜੌਨਕਨਲਨਸ ਮਿਲਰ ਆਰਕੀਟੈਕਟਸ ਲਿਮਟਿਡ ਨੂੰ ਦਿੱਤਾ ਗਿਆ। ਜਨਵਰੀ ਵਿਚ ਸਰੀ ਕੌਂਸਲ ਨੇ ਕਮਿਊਨਿਟੀ ਸੈਂਟਰ ਲਈ 90 ਮਿਲੀਅਨ ਡਾਲਰ ਉਧਾਰ ਲੈਣ ਦਾ ਫ਼ੈਸਲਾ ਕੀਤਾ ਸੀ ਜਿਹੜਾ 7.24 ਏਕੜ ਵਿਚ ਬਣਾਇਆ ਜਾਵੇਗਾ।

## ਬੀ.ਸੀ. ਲੈਜਿਸਲੇਚਰ 'ਚ ਚਰਚਾ : ਗਰੀਨ ਐਮ.ਐਲ.ਏ. ਓਲਸਨ ਨੇ ਦਿੱਤਾ ਸ਼ਕਤੀਸ਼ਾਲੀ ਭਾਸ਼ਣ

ਵਿਕਟੋਰੀਆ-ਬੀ ਸੀ ਲੈਜਿਸਲੇਚਰ ਵਿਚ ਜਿਥੇ ਪ੍ਰੀਮੀਅਰ ਜੌਨ ਹੌਰਗਨ ਨੇ ਕੈਮਲੂਪਸ ਘਟਨਾ ਉਪਰ ਸੰਵੇਦਨਾ ਪ੍ਰਗਟ ਕੀਤੀ ਉਥੇ ਗਰੀਨ ਐਮਐਲਏ ਐਡਮ ਓਲਸਨ ਨੇ ਸੋਮਵਾਰ ਲੈਜਿਸਲੇਚਰ ਵਿਚ ਇਨ੍ਹਾਂ ਖ਼ਬਰਾਂ ਕਿ ਕਮਲੂਪਸ ਵਿਚ ਸਾਬਕਾ ਰਿਹਾਇਸ਼ੀ ਸਕੂਲ ਵਾਲੀ ਥਾਂ ਵਿਖੇ 200 ਤੋਂ ਵੀ ਵੱਧ ਬੱਚਿਆਂ ਦੇ ਕੰਕਾਲ ਹੋਣ ਦਾ ਪਤਾ ਲੱਗਾ ਹੈ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼ਕਤੀਸ਼ਾਲੀ ਭਾਸ਼ਣ ਦਿੱਤਾ। ਵੈਨਕੂਵਰ ਆਈਲੈਂਡ ਦੇ ਸਾਰਟਿਲਪ ਫਸਟ ਨੇਸ਼ਨ ਦੇ ਮੈਂਬਰ ਓਲਸਨ ਨੇ ਕਿਹਾ ਕਿ ਸ਼ਬਦ ਜਿਹੜੇ ਅੱਜ ਉਹ ਬੋਲ ਰਿਹਾ ਹੈ ਉਹ ਸੌਖੇ ਨਹੀਂ ਹਨ ਅਤੇ ਉਹ ਸਪਸ਼ਟ ਹਨ। ਮੇਰੇ ਬਹੁਤ ਸਾਰੇ ਸਾਥੀ, ਮੇਰੇ ਗਰੈਂਡਪੇਰੈਂਟਸ, ਮੇਰੀਆਂ ਗਰੇਟ ਅੰਟੀਸ ਅਤੇ ਅੰਕਲਸ ਕੁਪਰ ਆਈਲੈਂਡ ਰਿਹਾਇਸ਼ੀ ਸਕੂਲ ਤੋਂ ਬਚੇ ਹੋਏ ਹੋਏ ਹਨ। ਉਸ ਨੂੰ ਪਤਾ ਹੈ ਕਿ ਉਹ ਮੈਨੂੰ ਉਨ੍ਹਾਂ ਭਿਆਨਕ ਗੱਲਾਂ ਲਈ ਸਨਮਾਨਿਤ ਕਰਨਾ ਚਾਹੁੰਣਗੇ ਜਿਨ੍ਹਾਂ ਵਿਚ ਉਹ ਉਨ੍ਹਾਂ ਦੀ ਜਵਾਬਦੇਹੀ ਦੀ ਮੰਗ ਕਰਦੇ ਹੋਏ ਰਹਿੰਦੇ ਰਹੇ ਹਨ। ਉਨ੍ਹਾਂ ਲੋਕਾਂ ਲਈ ਇਹ ਕੋਈ ਕਲਪਣਾ ਨਹੀਂ ਜਿਹੜੇ ਧਿਆਨ ਦਿੰਦੇ ਰਹੇ ਹਨ। ਸਾਡੇ ਬਜ਼ੁਰਗ ਤੇ ਸਾਡੇ ਪਰਿਵਾਰ ਦਹਾਕਿਆਂ ਤੋਂ ਰਿਹਾਇਸ਼ੀ ਸਕੂਲਾਂ ਵਿਚ ਆਪਣੇ ਤਜਰਬਿਆਂ ਦੇ ਗੰਭੀਰ ਵੇਰਵੇ ਸਾਂਝੇ ਕਰ ਰਹੇ ਹਨ। ਇਹ ਗੱਲਾਂ ਟਰੁੱਥ ਐਂਡ ਰੀਕੌਂਸੀਲੀਏਸ਼ਨ ਕਮਿਸ਼ਨ ਦੇ ਰਿਕਾਰਡ ਵਿਚ ਸ਼ਾਮਿਲ ਹੈ।



## ਲਿਬਰਲ ਐਮ.ਪੀ. ਵਿਲੀਅਮ ਫਿਰ ਹੋਇਆ ਕੈਮਰੇ ਵਿਚ ਕੈਦ-ਮੰਗੀ ਮੁਆਫੀ

ਓਟਵਾ-ਹਾਊਸ ਆਫ ਕਾਮਨਜ਼ ਦੀ ਕਾਰਵਾਈ ਦੌਰਾਨ ਪਿਸ਼ਾਬ ਕਰਦਾ ਕੈਮਰੇ ਵਿਚ ਕੈਦ ਹੋ ਜਾਣ ਪਿੱਛੋਂ ਲਿਬਰਲ ਐਮਪੀ ਵਿਲੀਅਮ ਅਮੋਸ ਦਾ ਕਹਿਣਾ ਕਿ ਉਹ ਸਹਾਇਤਾ ਦੀ ਮੰਗ ਕਰ ਰਿਹਾ ਹੈ। ਦੋ ਮਹੀਨੇ ਤੋਂ ਵੀ ਘੱਟ ਸਮਾਂ ਪਹਿਲਾਂ ਉਹ ਪ੍ਰਸ਼ਨ ਕਾਲ ਦੌਰਾਨ ਪੂਰੀ ਤਰ੍ਹਾਂ ਨਿਰਵਸਤਰ ਹੋਇਆ ਕੈਮਰੇ ਵਿਚ ਕੈਦ ਹੋ ਗਿਆ ਸੀ। ਅਮੋਸ ਨੇ ਸੋਸ਼ਲ ਮੀਡੀਆ 'ਤੇ ਇਕ ਬਿਆਨ ਵਿਚ ਕਿਹਾ ਕਿ ਬੀਤੀ ਰਾਤ ਹਾਊਸ ਆਫ ਕਾਮਨਜ਼ ਦੀ ਵਰਚੂਅਲ ਕਾਰਵਾਈ ਵਿਚ ਸ਼ਾਮਿਲ ਹੁੰਦੇ ਸਮੇਂ ਉਸ ਨੇ ਇਹ ਮਹਿਸੂਸ ਕੀਤੇ ਵਗੈਰ ਪਿਸ਼ਾਬ ਕਰਨ ਲੱਗ ਪਿਆ ਕਿ ਉਹ ਕੈਮਰੇ ਦੇ ਸਾਹਮਣੇ ਹੈ। ਉਹ ਆਪਣੀਆਂ ਕਾਰਵਾਈਆਂ ਅਤੇ ਹੋਰ ਕਿਸੇ ਜਿਸ ਨੇ ਵੀ ਇਸ ਨੂੰ ਦੇਖਿਆ ਹੈ ਨੂੰ ਹੋਈ ਪ੍ਰੇਸ਼ਾਨੀ ਲਈ ਬਹੁਤ ਸ਼ਰਮਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਹਾਦਸਾਗ੍ਰਸਤ ਸੀ ਅਤੇ ਲੋਕਾਂ ਦੇ ਸਾਹਮਣੇ ਨਹੀਂ ਸੀ ਫਿਰ ਵੀ ਇਹ ਸਵੀਕਾਰ ਯੋਗ ਨਹੀਂ ਅਤੇ ਉਹ ਇਸ ਲਈ ਮੁਆਫੀ ਮੰਗਦਾ ਹੈ। ਅਮੋਸ ਨੇ ਕਿਹਾ ਕਿ ਉਹ ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਮੰਤਰੀ ਫਰਾਂਕੋ ਇਸ-ਫਿਲਪ ਚੈਂਪੇਜਨੇ ਦੇ ਸੰਸਦੀ ਸਕੱਤਰ ਅਤੇ ਵੈਟਰਨਜ਼ ਮਾਮਲਿਆਂ ਬਾਰੇ ਕਮੇਟੀ ਦੀ ਆਪਣੀ ਸੀਟ ਤੋਂ ਆਰਜ਼ੀ ਤੌਰ 'ਤੇ ਹਟ ਜਾਣਗੇ।




SHER TALIB NOTARY PUBLIC
ਨੋਟਰੀ ਪਬਲਿਕ

NOTARIZATIONS
- Affidavits
- Invitation Letters
- Travel Consent Letters
- Statutory Declarations
- Sales & Purchase
- Family Transfer
- Refinancing
- Business Assets Sale Purchase
- Easements, Restrictive Covenants
- Wills & Estate Planning
- Power of Attorney

ਨੋਟਰੀ ਪਬਲਿਕ
- ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
- ਇਕਰਾਰਨਾਮਾ ਅਤੇ ਹੋਰ ਨੋਟਰੀ ਸੇਵਾਵਾਂ
- ਵਸੀਅਤਨਾਮਾ
- ਪਾਵਰ ਆਫ ਅਟੌਰਨੀ
- ਮੋਰਟਗੇਜ਼ ਦੀ ਡਾਕੂਮੈਂਟੇਸ਼ਨ
- ਨੋਟਰੀਜ਼ੇਸ਼ਨ
- ਐਫੀਡੇਵਿਟ

BC Notaries A TRUSTED TRADITION

Services offered in Punjabi, Hindi & English



Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com



JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance
Call Us Before You Renew / Buy Any Insurance Lien & Accident Search Available

## ਚੀਨ ਵੱਲੋਂ ਆਪਣੀਆਂ ਤਾਨਾਸ਼ਾਹ ਨੀਤੀਆਂ ਨੂੰ ਕੈਨੇਡੀਅਨ ਸੰਸਥਾਵਾਂ ਰਾਹੀਂ ਥੋਪਣ ਦੀ ਚਾਲ

ਓਟਵਾ-ਚੀਨੀ ਅਧਿਕਾਰੀ ਕਮਿਊਨਿਸਟ ਦੇਸ਼ ਦੀ ਵੱਧ ਰਹੀ ਆਲਚੋਨਾ ਨੂੰ ਖਤਮ ਕਰਨ ਦੇ ਰਸਤੇ ਵਜੋਂ ਕੈਨੇਡਾ ਅਤੇ ਹੋਰਨੀ ਥਾਵਾਂ ਵਿਚ ਲੋਕਤੰਤਰੀ ਸੰਸਥਾਵਾਂ ਵਿਚ ਘੁਸਪੈਠ ਕਰਕੇ ਵਿਦੇਸ਼ ਵਿਚ ਆਪਣੀ ਤਾਨਾਸ਼ਾਹੀ ਬਰਾਮਦ ਕਰ ਰਿਹਾ ਹੈ। ਕੈਨੇਡਾ-ਚੀਨ ਸਬੰਧਾਂ ਬਾਰੇ ਹਾਊਸ ਆਫ ਕਾਮਨਜ਼ ਦੀ ਵਿਸ਼ੇਸ਼ ਕਮੇਟੀ ਸਾਹਮਣੇ ਬਿਆਨ ਦਿੰਦਿਆਂ ਅਲਾਇੰਸ ਕੈਨੇਡਾ ਹਾਂਗ ਕਾਂਗ ਦੀ ਐਗਜ਼ੈਕਟਿਵ ਡਾਇਰੈਕਟਰ ਚੇਰੀ ਵੋਂਗ ਨੇ ਲੋਕ ਰਾਏ ਨੂੰ ਦੂਰ ਕਰਨ ਅਤੇ ਆਲੋਚਨਾ ਇਥੋਂ ਤਕ ਦੂਸਰੇ ਦੇਸ਼ਾਂ ਵਿਚ ਆਲੋਚਨਾ ਨੂੰ ਖਤਮ ਕਰਨ ਲਈ ਪਿਛਲੇ ਸਾਲਾਂ ਵਿਚ ਕਮਿਊਨਿਸਟ ਪਾਰਟੀ ਆਫ ਚਾਈਨਾ ਵਲੋਂ ਕੀਤੇ ਜਾ ਰਹੇ ਵਿਆਪਕ ਯਤਨਾਂ ਬਾਰੇ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਚੀਨੀ ਲੀਡਰਸ਼ਿਪ ਨੇ ਆਪਣੀ ਜੀਓਪੋਲੀਟੀਕਲ ਸਥਿਤੀ ਨੂੰ ਵਧਾਉਣ ਦੀਆਂ ਵਿਆਪਕ ਲਾਲਸਾਵਾਂ ਦੇ ਹਿੱਸੇ ਵਜੋਂ ਕੈਨੇਡਾ ਸਮੇਤ ਵਿਦੇਸ਼ੀ ਸਿਆਸਤਦਾਨਾਂ, ਵਿਦਿਵਾਨਾ ਤੇ ਮੀਡੀਆ 'ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਇਹ ਗੱਲ ਆਮ ਲੋਕਾਂ ਦੇ ਧਿਆਨ ਵਿਚ ਨਹੀਂ ਆਈ ਜਿਸ ਨੇ ਕੈਨੇਡਾ ਦੀ ਚੀਨ 'ਤੇ ਨਿਰਭਰਤਾ ਨੂੰ ਹੋਰ ਜ਼ਿਆਦਾ ਡੂੰਘਾ ਕੀਤਾ ਹੈ ਜਦਕਿ ਚੀਨ ਲਗਾਤਾਰ ਮਾਨਵੀ ਹੱਕਾਂ ਜਾਂ ਬੌਧਿਕ ਸੰਪਦਾ ਬਾਰੇ ਅੰਤਰਰਾਸ਼ਟਰੀ ਨਿਯਮਾਂ ਨੂੰ ਅਣਦੇਖਾ ਕਰ ਰਿਹਾ ਹੈ।

## ਸਾਬਕਾ ਵੈਨਕੂਵਰ ਪੁਲਿਸ ਸੁਪਰਡੈਂਟ ਐਂਡੀ ਹੌਬਸ ਨੇ ਰਿਚਮੰਡ ਕੌਸਲ ਦੀ ਉਪ ਚੋਣ ਜਿੱਤੀ

ਵੈਨਕੂਵਰ-ਵੈਨਕੂਵਰ ਪੁਲਿਸ ਵਿਭਾਗ ਦੇ ਸਾਬਕਾ ਸੁਪਰਡੈਂਟ ਐਂਡੀ ਹੋਬਸ ਮਿਉਂਸਪਲ ਉਪ ਚੋਣ ਵਿਚ ਰਿਚਮੰਡ ਸਿਟੀ ਕੌਂਸਲ ਤੋਂ ਚੁਣੇ ਗਏ ਹਨ। ਐਂਡੀ ਹੋਬਲ ਜਿਸ ਨੂੰ 3095 ਵੋਟਾਂ ਮਿਲੀਆਂ ਦੇ ਮੁਕਾਬਲੇ ਜੋਨਾਥਨ ਹੋ ਨੂੰ 2785 ਤੇ ਕਰੀਨਾ ਰੀਡ ਨੂੰ 2767 ਵੋਟਾਂ ਮਿਲੀਆਂ। ਇਹ ਸੀਟ ਪਹਿਲੀ ਵਾਰ ਕੌਂਸਲਰ ਬਣੇ ਕੈਲੀ ਗਰੀਨ ਦੇ ਅਸਤੀਫਾ ਦੇਣ ਕਾਰਨ ਖਾਲੀ ਹੋਈ ਸੀ ਜਿਹੜੇ ਰਿਚਮੰਡ-ਸਟੀਵਸਟਨ ਤੋਂ ਐਮਐਲਏ ਚੁਣੇ ਗਏ ਸਨ। 35 ਸਾਲਾ ਪੁਲਿਸ ਅਫਸਰ ਵਜੋਂ ਸੇਵਾ ਨਿਭਾਉਣ ਜਿਸ ਵਿਚ ਇਕ ਸਾਲ ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਦੇ ਐਕਟਿੰਗ ਚੀਫ ਬਣਨਾ ਵੀ ਸ਼ਾਮਿਲ ਹੈ ਹੋਬਸ ਦੋ ਵਾਰ ਰਿਚਮੰਡ ਸਕੂਲ ਟਰੱਸਟੀ ਵੀ ਰਹੇ।

## ਪ੍ਰਿੰਸ ਜੌਰਜ ਵਿਚ ਟਰੈਫਿਕ ਸਟਾਪ ਤੇ ਆਰਸੀਐਮਪੀ ਨੇ ਇਕ ਦੇ ਗੋਲੀ ਮਾਰੀ

ਪ੍ਰਿੰਸ ਜੌਰਜ- ਸੋਮਵਾਰ ਦੀ ਸਵੇਰ ਨੂੰ ਇਕ ਟਰੈਫਿਕ ਸਟਾਪ ਉਪਰ ਆਰਸੀਐਮਪੀ ਦੇ ਇਕ ਅਫਸਰ ਨੇ ਇਕ ਵਿਅਕਤੀ ਦੇ ਗੋਲੀ ਮਾਰ ਦਿੱਤੀ ਜਿਸਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਘਟਨਾ ਸਬੰਧੀ ਪੜਤਾਲੀਆ ਵਿਭਾਗ ਜਾਂਚ ਕਰ ਰਿਹਾ ਹੈ। ਅਜੇ ਇਹ ਪਤਾ ਨਹੀ ਲੱਗਾ ਕਿ ਸਬੰਧਿਤ ਵਿਅਕਤੀ ਨੇ ਆਰਸੀਐਮਪੀ ਉਪਰ ਹਮਲਾ ਕੀਤਾ ਸੀ ਜਾਂ ਕੋਈ ਹੋਰ ਗੱਲ ਸੀ। ਐਮਰਜੈਂਸੀ ਹੈਲਥ ਸੇਵਾਵਾਂ ਦੇ ਪਹੁੰਚਣ ਤਕ ਅਫਸਰਾਂ ਨੇ ਉਸ ਨੂੰ ਮੁੱਢਲੀ ਸਹਾਇਤਾ ਮੁਹੱਈਆ ਕੀਤੀ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।



## ਕੈਲਗਰੀ ਤੋਂ ਐਮ.ਪੀ. ਜਸਰਾਜ ਸਿੰਘ ਹੱਲਣ ਨੇ ਅਫਗਾਨੀ ਸਿੱਖਾਂ 'ਤੇ ਹਿੰਦੂਆਂ ਦਾ ਮੁੱਦਾ ਉਠਾਇਆ

ਓਟਵਾ-ਕੈਲਗਰੀ ਤੋਂ ਕੰਸਰਵੇਟਿਵ ਐਮ ਪੀ ਜਸਰਾਜ ਸਿੰਘ ਹੱਲਣ ਨੇ ਅਫਗਾਨਿਸਤਾਨ ਵਿਚ ਸਿੱਖਾਂ ਤੇ ਹਿੰਦੂਆਂ 'ਤੇ ਮੁਕੱਦਮੇ ਚਲਾਏ ਜਾਣ ਦਾ ਮੁੱਦਾ ਹਾਊਸ ਆਫ ਕਾਮਨਜ਼ ਵਿਚ ਚੁੱਕਦੇ ਹੋਏ ਕਿਹਾ ਕਿ ਲਿਬਰਲ ਸਰਕਾਰ ਸ਼ਰਨਾਰਥੀਆਂ ਦੇ ਹੱਕ ਵਿਚ ਖੜਨ ਵਿਚ ਵਾਰ ਵਾਰ ਨਾਕਾਮ ਰਹੀ ਹੈ। ਇਹ ਚੀਨ ਦੇ ਖਿਲਾਫ ਖੜਨ ਤੋਂ ਭੱਜ ਗਈ ਜਿਹੜਾ ਉਈਗਰ ਮੁਸਲਮਾਨਾਂ ਦੀ ਨਸਲਕੁਸ਼ੀ ਕਰ ਰਿਹਾ ਹੈ ਅਤੇ ਅਫਗਾਨਿਸਤਾਨ ਵਿਚ ਸਿੱਖਾਂ ਤੇ ਹਿੰਦੂਆਂ ਲਈ ਕੋਈ ਕਾਰਵਾਈ ਨਹੀਂ ਕੀਤੀ ਜਿਨ੍ਹਾਂ 'ਤੇ ਕੇਸ ਚਲਾਏ ਗਏ ਹਨ। ਇਸ ਨੇ ਲਿਬਰਲ ਵਲੋਂ ਬਣਾਇਆ ਬੈਕਲਾਗ ਦਾ ਡਰਾਉਣਾ ਸੁਪਨਾ ਪੈਦਾ ਕੀਤਾ ਹੈ ਜਿਸ ਨਾਲ ਪਰਿਵਾਰਾਂ ਤੇ ਘੱਟਗਿਣਤੀ ਗਰੁੱਪਾਂ ਦੀਆਂ ਮੁਸ਼ਕਿਲਾਂ ਵਧੀਆਂ ਹਨ। ਹੱਲਣ ਨੇ ਕਿਹਾ ਕਿ ਸਪੀਕਰ ਸਾਹਿਬ ਇਹ ਮਾਣ ਵਾਲਾ ਮਹੀਨਾ ਹੈ ਅਤੇ ਕਈ ਸਾਲਾਂ ਤੋਂ ਅਸੀਂ ਦੇਖਿਆ ਕਿ ਲਿਬਰਲ ਸਰਕਾਰ ਸਥਾਈ ਸ਼ਰਨਾਰਥੀ ਪ੍ਰੋਗਰਾਮ ਬਣਾਉਣ ਵਿਚ ਅਸਫਲ ਰਹੀ ਹੈ।

## ਵਾਈਟ ਰੌਕ ਮੈਰੀਨ ਡਰਾਈਵ ਤੇ ਇਕਤਰਫਾ ਟਰੈਫਿਕ 7 ਜੂਨ ਤੋਂ

ਸਰੀ-ਵਾਈਟ ਰੌਕ ਕੌਂਸਲ ਨੇ ਕੋਵਿਡ-19 ਇਨਡੋਰ ਸੀਟਿੰਗ ਪਾਬੰਦੀਆਂ ਦੌਰਾਨ ਰੈਸਟੋਰੈਂਟਸ ਨੂੰ ਜ਼ਿਆਦਾ ਥਾਂ ਮੁਹੱਈਆ ਕਰਨ ਦੀ ਮਦਦ ਦੇ ਉਪਾਅ ਵਜੋਂ ਮੈਰੀਨ ਡਰਾਈਵ ਨੂੰ ਇਕ ਲੇਨ ਵਿਚ ਤਬਦੀਲ ਕਰਨ ਲਈ ਇਸ ਦੀ ਇਕ ਲੇਨ ਨੂੰ ਆਰਜ਼ੀ ਤੌਰ 'ਤੇ ਬੰਦ ਕਰਨ ਦੀ ਆਪਣੀ ਯੋਜਨਾ 'ਤੇ ਮੁੜ ਮੋਹਰ ਲਾਈ ਹੈ। ਇਹ ਯੋਜਨਾ 7 ਜੂਨ ਤੋਂ ਲਾਗੂ ਹੋਵੇਗੀ। ਕੌਂਸਲਰ ਹੇਲਨ ਫਾਦਰਸ ਜਿਸ ਨੇ ਪਹਿਲਾਂ ਲੇਨ ਬੰਦ ਕਰਨ ਵਾਲੇ ਮਤੇ ਦੇ ਪੱਖ ਵਿਚ ਵੋਟ ਦਿੱਤੀ ਸੀ ਹੁਣ 11 ਮਈ ਦੀ ਮੀਟਿੰਗ ਵਿਚ ਪਾਸ ਕੀਤੇ ਮਤੇ ਨੂੰ ਰੱਦ ਕਰਨ ਦੇ ਹੱਕ ਵਿਚ ਉਤਰਨ ਪਿੱਛੋਂ ਕੌਂਸਲ ਨੇ ਆਪਣੀ ਰੈਗੂਲਰ ਵਰਚੂਅਲ ਮੀਟਿੰਗ ਦੌਰਾਨ 5-2 ਨਾਲ ਮਤਾ ਪਾਸ ਕਰ ਦਿੱਤਾ। ਕੇਵਲ ਫਾਦਰਸ ਤੇ ਕੌਂਸਲਰ ਡੇਵਿਡ ਚੇਸਨੇ ਨੇ ਮਤੇ ਨੂੰ ਰੱਦ ਕਰਨ ਦੇ ਹੱਕ ਵਿਚ ਵੋਟ ਦਿੱਤਾ ਜਦਕਿ ਮੇਅਰ ਡੈਰਿਲ ਵਾਕਰ ਤੇ ਤਿੰਨ ਹੋਰ ਕੌਂਸਲਰਾਂ ਨੇ ਅਸਲ ਮਤਾ ਬਹਾਲ ਰੱਖਣ ਦੇ ਪੱਖ ਵਿਚ ਵੋਟ ਦਿੱਤਾ।

## ਇਕ ਵਿਅਕਤੀ ਦੋ ਨਕਲੀ ਬੰਦੂਕਾਂ ਸਮੇਤ ਗ੍ਰਿਫਤਾਰ

ਸਰੀ-ਆਰਸੀਐਮਪੀ ਵਲੋਂ ਇਕ ਵਿਅਕਤੀ ਤੋਂ ਦੋ ਨਕਲੀ ਬੰਦੂਕਾਂ ਬਰਾਮਦ ਕੀਤੇ ਜਾਣ ਪਿੱਛੋਂ ਉਹ ਕਈ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਵਿਅਕਤੀ ਨੇ ਐਤਵਾਰ ਦੁਪਹਿਰ ਬਾਅਦ ਸੈਂਟਰਲ ਸਿਟਨੀ ਸ਼ਾਪਿੰਗ ਸੈਂਟਰ ਵਿਖੇ ਸਟਾਫ ਤੇ ਗਾਹਕਾਂ ਨੂੰ ਧਮਕੀ ਦਿੱਤੀ ਸੀ। 36 ਸਾਲਾ ਵਿਅਕਤੀ ਕੋਡੀ ਡੋਹਰਟੀ ਖ਼ਤਰਨਾਕ ਮਕਸਦ ਲਈ ਹਥਿਆਰ ਕੋਲ ਰੱਖਣ, ਹਥਿਆਰ ਨਾਲ ਹਮਲਾ ਕਰਨ ਅਤੇ ਹੋਰ ਦੋਸ਼ ਲਾਏ ਗਏ ਹਨ। ਉਹ ਹਿਰਾਸਤ ਵਿਚ ਹੀ ਰਹੇਗਾ। ਕੰਸਟੇਬਲ ਸਰਬਜੀਤ ਸੰਘਾ ਨੇ ਦੱਸਿਆ ਕਿ ਪੁਲਿਸ ਨੂੰ ਸ਼ਾਮ 5.53 ਵਜੇ 10153 ਕਿੰਗ ਜੌਰਜ ਬੋਲਵਰਡ ਇਕ ਮਾਲ ਵਿਖੇ ਬੁਲਾਇਆ ਗਿਆ ਸੀ ਕਿ ਮਾਲ ਵਿਚ ਇਕ ਵਿਅਕਤੀ ਬੰਦੂਕ ਲੈ ਕੇ ਘੁੰਮ ਰਿਹਾ ਹੈ। ਇਸ ਵਿਅਕਤੀ ਨੇ ਕਥਿਤ ਰੂਪ ਵਿਚ ਸਟਾਫ ਤੇ ਗਾਹਕਾਂ ਨੂੰ ਧਮਕਾਇਆ ਤੇ ਫਿਰ ਭੱਜ ਗਿਆ। ਪੁਲਿਸ ਨੇ ਉਸ ਨੂੰ ਥੋੜੀ ਦੇਰ ਬਾਅਦ ਦੋ ਨਕਲੀ ਬੰਦੂਕਾਂ ਅਤੇ ਇਕ ਚਾਕੂ ਸਮੇਤ ਗ੍ਰਿਫ਼ਤਾਰ ਕਰ ਲਿਆ।

## ਇਕ ਦਰਜਨ ਬੱਚਿਆਂ ਨੂੰ ਗਲਤ ਵੈਕਸੀਨ ਲਗਾਈ

ਵੈਨਕੂਵਰ-ਵੈਨਕੂਵਰ ਕੋਸਟਲ ਹੈਲਥ ਨੇ ਇਕ ਦਰਜਨ ਬੱਚਿਆਂ ਨੂੰ ਗਲਤ ਵੈਕਸੀਨ ਲਗਾਏ ਜਾਣ ਲਈ ਮੁਆਫੀ ਮੰਗੀ ਹੈ। ਇਹਨਾਂ ਬੱਚਿਆਂ ਨੂੰ ਹੈਲਥ ਕੈਨੇਡਾ ਵਲੋ ਪ੍ਰਵਾਨਿਤ ਵੈਕਸੀਨ ਫਾਈਜ਼ਰ ਲਗਾਈ ਜਾਣੀ ਸੀ ਪਰ ਗਲਤੀ ਨਾਲ ਮੋਡਰਨਾ ਵੈਕਸੀਨ ਲਗਾ ਦਿੱਤੀ ਗਈ। ਭਾਵੇਂਕਿ ਇਹ ਵੈਕਸੀਨ ਵੀ ਸੁਰੱਖਿਅਤ ਹੈ ਪਰ ਅਜੇ ਇਸਨੂੰ ਹੈਲਥ ਕੈਨੇਡਾ ਨੇ ਬੱਚਿਆਂ ਵਾਸਤੇ ਮਨਜ਼ੂਰੀ ਨਹੀ ਦਿੱਤੀ। ਇਸ ਦਾ ਕਹਿਣਾ ਕਿ ਮੋਡਰਨਾ ਨੇ ਹਾਲ ਹੀ ਵਿਚ ਐਲਾਨ ਕੀਤਾ ਹੈ ਕਿ ਇਸ ਦੇ ਨੌਜਵਾਨਾਂ ਲਈ ਟੀਕੇ ਦੇ ਕਲੀਨੀਕਲ ਟਰਾਇਲ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਰਹੇ ਹਨ ਪਰ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਲਗਾਉਣ ਵਾਸਤੇ ਕੈਨੇਡਾ ਵਿਚ ਅਜੇ ਮਨਜ਼ੂਰੀ ਨਹੀਂ ਦਿੱਤੀ ਗਈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S Jewellers Ltd.

Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ

- ਸਾਨੂੰ ਗਰੀਨ ਹਾਊਸ ਵਿਚ ਮੈਰੂਆਨਾ ਤੋੜਨ, ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ। ਸਿਰਫ ਪੀ.ਆਰ. ਹੋਲਡਰ, ਓਪਨ ਵਰਕ ਪਰਮਿਟ ਜਾਂ ਵੈਕੇਸ਼ਨ ਵਾਲੇ ਸਟੂਡੈਂਟਸ (ਲੜਕੇ) ਹੀ ਸੰਪਰਕ ਕਰਨ।
- ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।

ਸੰਪਰਕ- ਸੰਨੀ ਸੰਧਰ 604-727-2421


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਮਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦੀ ਰਸਮੀ ਪ੍ਰਵਾਨਗੀ

## ਡੀ.ਸੀ. ਤੇ ਐਸ.ਐਸ.ਪੀ. ਵਜੋਂ ਦੋ ਮਹਿਲਾਵਾਂ ਨੂੰ ਜ਼ਿੰਮੇਵਾਰੀ ਦਿੱਤੀ

ਚੰਡੀਗੜ੍ਹ-ਪੰਜਾਬ ਮੰਤਰੀ ਮੰਡਲ ਵੱਲੋਂ ਮਾਲੇਰਕੋਟਲਾ ਨੂੰ ਸੂਬੇ ਦਾ 23ਵਾਂ ਜ਼ਿਲ੍ਹਾ ਬਣਾਏ ਜਾਣ ਨੂੰ ਰਸਮੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਵਜ਼ਾਰਤੀ ਮੀਟਿੰਗ ਦੌਰਾਨ ਸਬ ਤਹਿਸੀਲ ਅਮਰਗੜ੍ਹ, ਜੋ ਕਿ ਮਾਲੇਰਕੋਟਲਾ ਸਬ ਡਿਵੀਜ਼ਨ ਦਾ ਹਿੱਸਾ ਸੀ, ਨੂੰ ਸਬ ਡਿਵੀਜ਼ਨ/ਤਹਿਸੀਲ ਬਣਾਉਣ ਨੂੰ ਵੀ ਮਨਜ਼ੂਰੀ ਦਿੱਤੀ ਗਈ। ਸਰਕਾਰ ਦੇ ਤਾਜ਼ਾ ਫੈਸਲੇ ਮੁਤਾਬਕ ਮਾਲੇਰਕੋਟਲਾ ਜ਼ਿਲ੍ਹੇ ਵਿੱਚ ਹੁਣ ਤਿੰਨ ਸਬ ਡਿਵੀਜ਼ਨਾਂ ਮਾਲੇਰਕੋਟਲਾ, ਅਹਿਮਦਗੜ੍ਹ ਅਤੇ ਅਮਰਗੜ੍ਹ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ 192 ਪਿੰਡ, 62 ਪਟਵਾਰ ਸਰਕਲ ਅਤੇ 6 ਕਾਨੂੰਨਗੋ ਸਰਕਲ ਵੀ ਸ਼ਾਮਲ ਹੋਣਗੇ। ਮੰਤਰੀ ਮੰਡਲ ਵੱਲੋਂ ਮੁੱਖ ਮੰਤਰੀ ਨੂੰ 12 ਵਿਭਾਗਾਂ ਪੁਲੀਸ, ਪੇਂਡੂ ਵਿਕਾਸ ਤੇ ਪੰਚਾਇਤ, ਸਮਾਜਿਕ ਨਿਆਂ ਅਤੇ ਘੱਟ ਗਿਣਤੀ, ਖੇਤੀਬਾੜੀ ਅਤੇ ਕਿਸਾਨ ਵਿਕਾਸ, ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ, ਸਿਹਤ, ਸਿੱਖਿਆ (ਪ੍ਰਾਇਮਰੀ ਅਤੇ ਸੈਕੰਡਰੀ), ਰੁਜ਼ਗਾਰ ਉਤਪੱਤੀ, ਉਦਯੋਗ ਅਤੇ ਵਣਜ, ਖੁਰਾਕ ਸਿਵਲ ਸਪਲਾਈ ਤੇ ਉਪਭੋਗਤਾ ਮਾਮਲਿਆਂ ਤੋਂ ਇਲਾਵਾ ਵਿੱਤ ਦੇ ਦਫ਼ਤਰਾਂ ਲਈ ਨਵੀਆਂ ਅਸਾਮੀਆਂ ਸਿਰਜੇ ਜਾਣ ਨੂੰ ਮਨਜ਼ੂਰੀ ਦੇਣ ਲਈ ਅਧਿਕਾਰ ਸੌਂਪ ਦਿੱਤੇ। ਮੁੱਖ ਮੰਤਰੀ ਨੇ 14 ਮਈ ਨੂੰ ਈਦ-ਉਲ-ਫ਼ਿਤਰ ਦੇ ਮੌਕੇ 'ਤੇ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦਾ ਐਲਾਨ ਕਰਦਿਆਂ ਸਥਾਨਕ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਸੀ। ਇਸ ਤੋਂ ਇਲਾਵਾ ਲੋਕਾਂ ਦੀ ਸਹੂਲਤ ਲਈ ਲਏ ਗਏ ਇਸ ਫੈਸਲੇ ਦਾ ਮਕਸਦ ਮਾਲੇਰਕੋਟਲਾ ਦੇ ਸ਼ਹਿਰੀ ਵਿਕਾਸ ਨੂੰ ਯਕੀਨੀ ਬਣਾਉਣਾ, ਇਸ ਇਤਿਹਾਸਕ ਸ਼ਹਿਰ ਦੇ ਅਮੀਰ ਵਿਰਸੇ ਨੂੰ ਕਾਇਮ ਰੱਖਣਾ ਅਤੇ ਇਸ ਖੇਤਰ ਦੇ ਸਮੁੱਚੇ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣਾ ਵੀ ਹੈ।

### ਕਮਾਨ ਮਹਿਲਾ ਅਧਿਕਾਰੀਆਂ ਹੱਥ

ਚੰਡੀਗੜ੍ਹ-ਨਵੇਂ ਬਣੇ ਜ਼ਿਲ੍ਹੇ ਮਾਲੇਰਕੋਟਲਾ ਦੀ ਕਮਾਨ ਮਹਿਲਾ ਅਧਿਕਾਰੀਆਂ ਦੇ ਹੱਥ ਦਿੱਤੀ ਗਈ ਹੈ। ਪੰਜਾਬ ਸਰਕਾਰ ਨੇ ਸਾਲ 2010 ਬੈਂਚ ਦੀ ਆਈ ਏ ਐੱਸ ਅਧਿਕਾਰੀ ਅੰਮ੍ਰਿਤ ਕੌਰ ਗਿੱਲ ਨੂੰ ਮਾਲੇਰਕੋਟਲਾ ਦੀ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਹੈ। ਇਸ ਸਮੇਂ ਉਹ ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ ਵਜੋਂ ਤਾਇਨਾਤ ਸਨ। ਸਾਲ 2013 ਬੈਂਚ ਦੀ ਕੰਵਰਦੀਪ ਕੌਰ ਨੂੰ ਐੱਸ ਐੱਸ ਪੀ ਨਿਯੁਕਤ ਕੀਤਾ ਹੈ। ਉਹ ਐੱਸ ਐੱਸ ਪੀ ਕਪੂਰਥਲਾ ਵਜੋਂ ਤਾਇਨਾਤ ਸਨ।




# ਲੋਕ ਕਰੋਨਾ ਨਾਲ ਲੜ ਰਹੇ ਹਨ ਤੇ ਕਾਂਗਰਸੀ ਕੁਰਸੀਆਂ ਲਈ-ਸੁਖਬੀਰ ਸਿੰਘ ਬਾਦਲ

ਖਰੜ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਦੇ ਵਿਚ ਲੋਕ ਕਰੋਨਾ ਨਾਲ ਲੜਾਈ ਲੜ ਰਹੇ ਹਨ ਪਰ ਇਸ ਗੱਲ ਦਾ ਬਹੁਤ ਅਫਸੋਸ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਅਤੇ ਬਾਕੀ ਕਾਂਗਰਸੀ ਆਗੂਆਂ ਨੂੰ ਪੰਜਾਬੀਆਂ ਦੀ ਕੋਈ ਚਿੰਤਾ ਨਹੀਂ ਅਤੇ ਉਹ ਆਪਣੀ ਕੁਰਸੀ ਦੀ ਲੜਾਈ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਭ ਕੁਝ ਦੇਖ ਰਹੇ ਹਨ ਅਤੇ ਉਹ ਕਾਂਗਰਸੀਆਂ ਨੂੰ ਕਦੇ ਮਾਅਫ ਨਹੀਂ ਕਰਨਗੇ। ਸ੍ਰੀ ਬਾਦਲ ਅੱਜ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਗਿੱਲ ਦੀ ਰਹਿਨੁਮਾਈ ਵਿਚ ਗਿਲਕੋ ਇੰਟਰਨੈਸ਼ਨਲ ਸਕੂਲ ਵਿਚ ਸ਼ੁਰੂ ਕੀਤੇ 25 ਬਿਸਤਰਿਆ ਦੇ ਕੋਵਿਡ ਆਈਸੋਲੇਸ਼ਨ ਸੈਂਟਰ ਦਾ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨਾਲ ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ ਅਤੇ ਹੋਰ ਆਗੂ ਮੌਜੂਦ ਸਨ। ਉਨ੍ਹਾਂ ਕਿਹਾ ਕਿ 20 ਦਿਨਾਂ ਤੋਂ ਮੁੱਖ ਮੰਤਰੀ ਦਾ ਕਰੋਨਾ ਸਬੰਧੀ ਕੋਈ ਬਿਆਨ ਨਹੀਂ ਆ ਰਿਹਾ ਕਿ ਸਰਕਾਰ ਲੋਕਾਂ ਦੀ ਜ਼ਿੰਦਗੀ ਬਚਾਉਣ ਲਈ ਕੀ ਕਰ ਰਹੀ ਹੈ। ਅੱਜ ਪ੍ਰਾਈਵੇਟ ਹਸਪਤਾਲ ਲੋਕਾਂ ਨੂੰ ਲੁੱਟ ਰਹੇ ਹਨ ਅਤੇ ਇਸ ਬਿਮਾਰੀ ਦੀ ਦਵਾਈ ਦੇ ਇੰਜੈਕਸ਼ਨ 60-60 ਹਜ਼ਾਰ ਰੁਪਏ ਵਿਚ ਮਿਲ ਰਹੇ ਹਨ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਹੈ ਕਿ ਪੰਜਾਬ ਦੇ ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਪੰਜਾਬ ਵਿਚ ਥਾਂ ਥਾਂ ਤੇ ਗੰਦਗੀ ਇਕੱਠੀ ਹੋ ਰਹੀ ਹੈ ਪਰ ਪੰਜਾਬ ਸਰਕਾਰ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ। ਗਰੀਬ ਬੱਚਿਆਂ ਨੂੰ ਨੌਕਰੀਆਂ ਨਹੀ ਮਿਲ ਰਹੀਆਂ ਦੂਜੇ ਪਾਸੇ ਇਹ ਸਰਕਾਰ ਵਿਧਾਇਕਾਂ ਦੇ ਲੜਕਿਆਂ ਨੂੰ ਨੌਕਰੀਆਂ ਦੇਣ ਵਿਚ ਲੱਗੀ ਹੋਈ ਹੈ।

# ਕਿਸਾਨਾਂ ਵਲੋਂ 5 ਜੂਨ ਨੂੰ ਖੇਤੀ ਕਨੂੰਨਾਂ ਦੀ ਕਾਪੀਆਂ ਸਾੜਨ ਦਾ ਐਲਾਨ

ਨਵੀਂ ਦਿੱਲੀ-ਦਿੱਲੀ ਦੇ ਟਿਕਰੀ ਬਾਰਡਰ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ 5 ਜੂਨ ਨੂੰ ਖੇਤੀ ਕਾਨੂੰਨਾਂ ਦੇ ਆਰਡੀਨੈਂਸ ਦੇ ਰੂਪ ਵਿਚ ਆਇਆਂ ਇਕ ਸਾਲ ਹੋਣ ਦੇ ਰੋਸ ਵਜੋਂ ਭਾਜਪਾ ਆਗੂਆਂ ਦੇ ਘਰਾਂ, ਡਿਪਟੀ ਕਮਿਸ਼ਨਰਾਂ ਅਤੇ ਐੱਸਡੀਐੱਮ ਦਫ਼ਤਰਾਂ ਅੱਗੇ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕਾਨੂੰਨ ਖ਼ਿਲਾਫ਼ ਕੜਾਕੇ ਦੀ ਠੰਢ, ਅਤਿ ਦੀ ਗਰਮੀ, ਮੀਂਹ, ਹਨੇਰੀ, ਤੂਫਾਨ ਅਤੇ ਕਰੋਨਾ ਮਹਾਮਾਰੀ ਦੇ ਬਾਵਜੂਦ ਕਿਸਾਨਾਂ ਦਾ ਸੰਘਰਸ਼ ਜਾਰੀ ਹੈ ਅਤੇ ਇਸ ਨੂੰ ਰੱਦ ਕਰਵਾਉਣ ਤੱਕ ਅੰਦੋਲਨ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਜਿਹੜੇ ਹਾਲਾਤ ਅੰਗਰੇਜ਼ਾਂ ਦੇ ਰਾਜ ਵਿੱਚ ਕਿਰਤੀ ਲੋਕਾਂ ਦੇ ਸਨ, ਉਹੋ ਹਾਲਾਤ ਅੱਜ ਦੇ ਦੌਰ ਵਿੱਚ ਵੀ ਕਾਇਮ ਹਨ। ਉਨ੍ਹਾਂ ਕਿਹਾ ਕਿ ਅੰਗਰੇਜ਼ ਹਕੂਮਤ ਨੇ ਭਾਰਤ ਦੇ ਲੋਕਾਂ ਦੀ ਲੁੱਟ ਤੇਜ਼ ਕਰਨ ਵਾਸਤੇ ਨਹਿਰਾਂ ਅਤੇ ਰੇਲ ਮਾਰਗਾਂ ਦਾ ਪ੍ਰਬੰਧ ਕੀਤਾ ਤਾਂ ਜੋ ਕੱਚਾ ਮਾਲ ਵੱਧ ਪੈਦਾ ਕਰਕੇ ਬੰਦਰਗਾਹਾਂ ਤੱਕ ਪਹੁੰਚਾ ਕੇ ਅੱਗੇ ਇੰਗਲੈਂਡ ਪਹੁੰਚਾਇਆ ਜਾ ਸਕੇ। ਉਸ ਸਮੇਂ ਕੱਚੇ ਮਾਲ ਨੂੰ ਪਕਾ ਕੇ ਭਾਰਤ ਦੇ ਲੋਕਾਂ ਨੂੰ ਮਹਿੰਗੇ ਭਾਅ 'ਤੇ ਵੇਚ ਕੇ ਵੱਡੇ ਮੁਨਾਫ਼ੇ ਕਮਾਏ ਗਏ ਸਨ ਅਤੇ ਅੱਜ ਵੀ ਵੱਡੀਆਂ ਸਾਮਰਾਜੀ ਕੰਪਨੀਆਂ ਨੇ ਭਾਰਤ ਦੀ ਉਪਜਾਊ ਜ਼ਮੀਨ 'ਤੇ ਬਾਜ਼ ਨਜ਼ਰ ਰੱਖੀ ਹੋਈ ਹੈ ਜਿਸ ਦਾ ਪ੍ਰਤੱਖ ਪ੍ਰਮਾਣ ਤਿੰਨੋਂ ਖੇਤੀ ਕਾਨੂੰਨ ਹਨ। ਇਕ ਹੋਰ ਕਿਸਾਨ ਆਗੂ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਕਰੋਨਾ ਮਹਾਮਾਰੀ ਦੇ ਪੁਖ਼ਤਾ ਪ੍ਰਬੰਧਾਂ ਦੇ ਬਾਵਜੂਦ ਉਹ ਪਿਛਲੇ ਦਿਨੀਂ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕਰ ਕੇ ਆਏ ਹਨ।

# ਬੇਅਦਬੀਆਂ ਬਾਰੇ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਵਾਂਗੇ-ਕੈਪਟਨ


ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਪੰਜਾਬ ਪੁਲੀਸ ਦੀ ਐੱਸ.ਆਈ.ਟੀ. ਦੀ ਜਾਂਚ ਨੂੰ ਰੱਦ ਕਰਨ ਜਾਂ ਇਸ ਦੇ ਮੁਖੀ ਨੂੰ ਹਟਾਉਣ ਦੇ ਕਿਸੇ ਵੀ ਹੁਕਮ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਮੰਤਰੀ ਨੇ ਇੱਕ ਬਿਆਨ ਰਾਹੀਂ ਕਿਹਾ ਕਿ ਲੀਗਲ ਟੀਮ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਮਿਲਣ ਉਤੇ ਤੁਰੰਤ ਇਸ ਕੇਸ ਦੀ ਘੋਖ ਕਰਨ ਦੇ ਹੁਕਮ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕੇਸ ਨੂੰ ਕਾਨੂੰਨੀ ਸਿੱਟੇ ਉਤੇ ਪਹੁੰਚਾਇਆ ਜਾਵੇਗਾ ਅਤੇ ਕੋਈ ਵੀ ਦੋਸ਼ੀ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਸਿਆਸੀ ਤੌਰ ਉਤੇ ਕਿੰਨਾ ਵੀ ਤਾਕਤਵਾਰ ਜਾਂ ਅਸਰ-ਰਸੂਖ ਵਾਲਾ ਹੋਵੇ। ਐੱਸ.ਆਈ.ਟੀ. ਦੇ ਮੁਖੀ ਕੁੰਵਰ ਵਿਜੈ ਪ੍ਰਤਾਪ ਸਿੰਘ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਵਿਚ ਹੁਣ ਤੱਕ ਕੀਤੀ ਗਈ ਜਾਂਚ ਵਿਚ ਪੂਰਾ ਵਿਸ਼ਵਾਸ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਬਹੁਤ ਹੀ ਯੋਗ ਅਤੇ ਤਜਰਬੇਕਾਰ ਅਧਿਕਾਰੀ ਹਨ। ਉਨ੍ਹਾਂ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਐਸ.ਆਈ.ਟੀ. ਵੱਲੋਂ ਪੂਰੀ ਤਰ੍ਹਾਂ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ। ਕੈਪਟਨ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਇਸ ਪੜਾਅ ਉਤੇ ਅਧਿਕਾਰੀ ਬਦਲਣਾ ਜਾਂ ਨਵੇਂ ਸਿਰਿਓ ਐੱਸ.ਆਈ.ਟੀ. ਦਾ ਗਠਨ ਕਰਨਾ ਮਨਜ਼ੂਰ ਨਹੀਂ ਹੈ। ਮੁੱਖ ਮੰਤਰੀ ਨੇ ਅਜਿਹੇ ਗੰਭੀਰ ਅਤੇ ਸੰਵੇਦਨਸ਼ੀਲ ਮੁੱਦੇ 'ਤੇ ਸਿਆਸਤ ਜਾਰੀ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਵੀ ਨਿੰਦਾ ਕੀਤੀ। ਉਨ੍ਹਾਂ ਬਾਦਲਾਂ ਖ਼ਿਲਾਫ਼ ਸਿਆਸੀ ਬਦਲਾਖੋਰੀ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਦੱਸਿਆ। ਕੈਪਟਨ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਸ਼ਾਰੇ 'ਤੇ ਸੀਬੀਆਈ ਜ਼ਰੀਏ ਮਾਮਲੇ ਦੀ ਜਾਂਚ ਵਿੱਚ ਅੜਿੱਕੇ ਪਾਏ ਗਏ।



# ਬਾਬਾ ਰਾਮਦੇਵ ਖਿਲਾਫ ਦਾਇਰ ਪਟੀਸ਼ਨ ਤੇ ਸੰਮਨ ਜਾਰੀ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਯੋਗ ਗੁਰੂ ਰਾਮਦੇਵ ਨੂੰ ਪਤੰਜਲੀ ਦੀ ਕੋਰੋਨਿਲ ਕਿੱਟ ਦੇ ਕੋਵਿਡ-19 ਦੇ ਇਲਾਜ ਲਈ ਕਾਰਗਰ ਹੋਣ ਦੀ ਝੂਠੀ ਜਾਣਕਾਰੀ ਦੇਣ ਤੋਂ ਰੋਕਣ ਲਈ ਦਿੱਲੀ ਮੈਡੀਕਲ ਐਸੋਸੀਏਸ਼ਨ (ਡੀਐੱਮਏ) ਵੱਲੋਂ ਦਾਇਰ ਪਟੀਸ਼ਨ 'ਤੇ ਬਾਬਾ ਰਾਮਦੇਵ ਨੂੰ ਸੰਮਨ ਜਾਰੀ ਕੀਤਾ ਹੈ। ਹਾਈ ਕੋਰਟ ਨੇ ਜ਼ੁਬਾਨੀ ਹੁਕਮ ਵਿੱਚ ਬਾਬਾ ਰਾਮਦੇਵ ਦੇ ਵਕੀਲ ਨੂੰ ਕਿਹਾ ਕਿ ਉਹ ਸੁਣਵਾਈ ਦੀ ਅਗਲੀ ਤਰੀਕ 13 ਜੁਲਾਈ ਤੱਕ ਉਨ੍ਹਾਂ ਨੂੰ ਭੜਕਾਊ ਬਿਆਨ ਨਾ ਦੇਣ ਤੇ ਮਾਮਲੇ ਵਿੱਚ ਆਪਣਾ ਰੁੱਖ ਸਪਸ਼ਟ ਕਰਨ ਲਈ ਆਖੇ।



### ਕੈਨੇਡਾ ਵਿਚ 2021 ਦੀ ਮਰਦਮਸ਼ੁਮਾਰੀ ਅਜੇ ਚੱਲ ਰਹੀ ਹੈ

# ਪਲੀਅ ਵੱਲੋਂ ਪੰਜਾਬੀਆਂ ਨੂੰ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ

ਸਰੀ (ਹਰਦਮ ਮਾਨ)-ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਵੱਲੋਂ ਕੈਨੇਡਾ ਵਿਚ 2021 ਦੀ ਚੱਲ ਰਹੀ ਮਰਦਮਸ਼ੁਮਾਰੀ ਬਾਰੇ ਪਏ ਕੁਝ ਲੋਕਾਂ ਵਿਚ ਪਏ ਭੰਬਲਭੂਸੇ ਨੂੰ ਸਪਸ਼ਟ ਕਰਦਿਆਂ ਕਿਹਾ ਹੈ ਕਿ ਮਰਦਮਸ਼ੁਮਾਰੀ ਜਾਰੀ ਹੈ ਅਤੇ ਅਜੇ ਵੀ ਜੂਨ ਦੇ ਮਹੀਨੇ ਦੌਰਾਨ ਫਾਰਮ ਭਰ ਕੇ ਲੋਕ ਆਪਣੀ ਜਾਣਕਾਰੀ ਭੇਜ ਸਕਦੇ ਹਨ। ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਮਰਦਮਸ਼ੁਮਾਰੀ ਲਈ 11 ਮਈ ਦਾ ਦਿਨ ਨਿਸ਼ਚਤ ਕਰਨ ਦਾ ਮਤਲਬ ਇਹ ਹੈ ਕਿ ਇਹ ਮਰਦਮਸ਼ੁਮਾਰੀ 11 ਮਈ ਦੇ ਆਧਾਰ ਤੇ ਹੋ ਰਹੀ ਹੈ ਅਰਥਾਤ ਉਸ ਦਿਨ ਜਿੱਥੇ ਕੋਈ ਰਹਿੰਦਾ ਸੀ, ਉੱਥੋਂ ਦਾ ਵੇਰਵਾ ਦਰਜ ਕਰਨਾ ਹੈ। ਉਨ੍ਹਾਂ ਕਿਹਾ ਕਿ ਕਈ ਲੋਕਾਂ ਇਹ ਸਮਝ ਬੈਠੇ ਹਨ ਕਿ ਸਬੰਧਤ ਫਾਰਮ ਸਿਰਫ 11 ਮਈ ਤੱਕ ਹੀ ਭੇਜੇ ਜਾਣੇ ਸਨ ਅਤੇ ਹੁਣ ਉਹ ਮਰਦਮਸ਼ੁਮਾਰੀ ਵਿਚ ਹਿੱਸਾ ਨਹੀਂ ਲੈ ਸਕਦੇ ਜਦੋਂ ਕਿ ਅਸਲੀਅਤ ਇਹ ਹੈ ਕਿ ਹਾਲੇ ਵੀ ਇਹ ਫਾਰਮ ਭੇਜੇ ਜਾ ਸਕਦੇ ਹਨ। ਸਟੈਟਿਕਟਸ ਕੈਨੇਡਾ ਦੇ ਅਧਿਕਾਰੀਆਂ ਅਨੁਸਾਰ ਹਾਲੇ ਵੀ ਇਹ ਫਾਰਮ ਭਰ ਕੇ ਭੇਜਣ ਲਈ ਲੋਕਾਂ ਕੋਲ ਕਾਫੀ ਸਮਾਂ ਹੈ। ਉਨ੍ਹਾਂ ਕਿਹਾ ਕਿ ਜੇ ਅਜੇ ਤੱਕ ਕਿਸੇ ਨੂੰ ਇਹ ਫਾਰਮ ਨਹੀਂ ਮਿਲੇ ਜਾਂ ਉਹ ਔਨ-ਲਾਈਨ ਫਾਰਮ ਨਹੀਂ ਭਰ ਸਕਦੇ ਅਤੇ ਉਹਨਾਂ ਨੂੰ ਪੇਪਰ ਫਾਰਮਾਂ ਦੀ ਲੋੜ ਹੈ ਤਾਂ ਉਹ 1-855-340-2021 ਨੰਬਰ ਤੇ ਫੋਨ ਕਰ ਕੇ ਇਹ ਫਾਰਮ ਮੰਗਵਾ ਸਕਦੇ ਹਨ। ਸ. ਸੰਘੇੜਾ ਨੇ ਮਰਦਮਸ਼ੁਮਾਰੀ ਦੀ ਮਹੱਤਤਾ ਬਾਰੇ ਦਸਦਿਆਂ ਕਿਹਾ ਹੈ ਕਿ ਹਰ ਪੰਜ ਸਾਲ ਬਾਅਦ ਸਟੈਟਿਸਟਿਕਸ ਕੈਨੇਡਾ ਸਮੁੱਚੇ ਦੇਸ਼ ਵਿਚ ਮਰਦਮਸ਼ੁਮਾਰੀ ਕਰਦਾ ਹੈ। ਮਰਦਮਸ਼ੁਮਾਰੀ ਨਾਲ ਸਰਕਾਰ ਨੂੰ ਕੈਨੇਡਾ ਦੀ ਸੱਭਿਆਚਾਰਕ,ਅਮੀਰ ਵਿਭਿੰਨਤਾ ਅਤੇ ਭਾਸ਼ਾਵਾਂ ਸਬੰਧੀ ਜਾਣਕਾਰੀ ਹਾਸਲ ਹੁੰਦੀ ਹੈ ਅਤੇ ਇਸ ਜਾਣਕਾਰੀ ਦੇ ਆਧਾਰ ਤੇ ਹੀ ਗੌਰਮਿੰਟ ਬਦਲ ਰਹੇ ਸਮਾਜਿਕ ਅਤੇ ਆਰਥਿਕ ਝੁਕਾਵਾਂ ਨੂੰ ਮੁੱਖ ਰੱਖ ਕੇ ਕੈਨੇਡੀਅਨ ਪਰਿਵਾਰਾਂ, ਨੇਬਰਹੁੱਡ ਅਤੇ ਕਾਰੋਬਾਰਾਂ ਬਾਰੇ ਆਪਣੀਆਂ ਯੋਜਨਾਵਾਂ ਉਲੀਕਦੀ ਹੈ। ਉਨ੍ਹਾਂ ਕਿਹਾ ਕਿ ਹਰ ਇਕ ਕੈਨੇਡੀਅਨ ਸ਼ਹਿਰੀ,ਚਾਹੇ ਉਹ ਸਿਟੀਜ਼ਨ ਹੈ, ਪੀ ਆਰ। ਹੈ, ਵਰਕ ਪਰਮਿਟ ਤੇ ਹੈ ਜਾਂ ਅੰਤਰਰਾਸ਼ਟਰੀ ਵਿਦਿਆਰਥੀ ਹੈ, ਸਭ ਨੂੰ ਮਰਦਮਸ਼ੁਮਾਰੀ ਵਿਚ ਭਾਗ ਲੈਣ ਦਾ ਹੱਕ ਹੈ ਅਤੇ ਇਹ ਉਹਦਾ ਫਰਜ਼ ਵੀ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਮਰਦਮਸ਼ੁਮਾਰੀ ਲਈ ਦੋ ਫਾਰਮ ਹਨ-ਛੋਟਾ ਅਤੇ ਲੰਮਾਂ ਫਾਰਮ। 75 ਪ੍ਰਤੀਸ਼ਤ ਵਾਸੀਆਂ ਲਈ ਛੋਟਾ ਫਾਰਮ ਭਰਨਾ ਪਵੇਗਾ। ਇਹ ਕੰਮ ਬਹੁਤ ਸੌਖਾ ਹੈ । ਸਿਰਫ 25 ਪ੍ਰਤੀਸ਼ਤ ਸ਼ਹਿਰੀਆਂ ਨੂੰ ਲੰਮਾ ਫਾਰਮ ਭਰਨਾ ਪਵੇਗਾ। ਦੋਹਾਂ ਫਾਰਮਾਂ ਵਿਚ ਮਾਂ ਬੋਲੀ ਬਾਰੇ ਵੀ ਕੁਝ ਸਵਾਲ ਹਨ ਅਤੇ ਅੰਗਰੇਜ਼ੀ,ਫਰਾਂਸੀਸੀ, ਪੰਜਾਬੀ ਆਦਿ ਹੋਰ ਭਾਸ਼ਾਵਾਂ ਵਿੱਚੋਂ ਆਪਣੀ ਭਾਸ਼ਾ ਦੀ ਚੋਣ ਕਰਨੀ ਹੈ। 2016 ਦੀ ਮਰਦਮ ਸ਼ੁਮਾਰੀ ਅਨੁਸਾਰ 568,375 ਲੋਕਾਂ ਨੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਵਜੋਂ ਚੁਣਿਆ ਸੀ। ਪਿਛਲੇ ਪੰਜ ਸਾਲਾਂ ਦੌਰਾਨ ਮਾਂ ਬੋਲੀ ਪੰਜਾਬੀ ਬੋਲਣ ਵਾਲੇ ਕਾਫੀ ਹੋਰ ਸ਼ੁਭਚਿੰਤਕ ਕੈਨੇਡਾ ਆਏ ਹਨ। ਇਕ ਅੰਦਾਜ਼ੇ ਅਨੁਸਾਰ ਇਸ ਵੇਲੇ ਘੱਟੋ ਘੱਟ ਇਕ ਮਿਲਅਨ (ਦਸ ਲੱਖ) ਪੰਜਾਬੀ ਦੇ ਬੁਲਾਰੇ ਕੈਨੇਡਾ ਵਿਚ ਵਸਦੇ ਹਨ। ਬਲਵੰਤ ਸਿੰਘ ਸੰਘੇੜਾ ਨੇ ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਵੱਲੋਂ ਪੰਜਾਬੀ ਭਾਸ਼ਾ ਦੇ ਹਰ ਇਕ ਸ਼ੁਭਚਿੰਤਕ ਨੂੰ ਅਪੀਲ ਕੀਤੀ ਹੈ ਕਿ ਜੇ ਤੁਸੀਂ ਹਾਲੇ ਤੱਕ ਮਰਦਮਸ਼ੁਮਾਰੀ ਦੇ ਫਾਰਮ ਭਰ ਕੇ ਨਹੀਂ ਭੇਜੇ ਤਾਂ ਇਹ ਫਾਰਮ ਭਰ ਕੇ ਜ਼ਰੂਰ ਭੇਜੋ। ਮਰਦਮਸ਼ੁਮਾਰੀ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾਵੇ ਅਤੇ ਮਾਂ ਬੋਲੀ ਪੰਜਾਬੀ ਦੀ ਚੋਣ ਕੀਤੀ ਜਾਵੇ। ਮਰਦਮਸ਼ੁਮਾਰੀ ਰਾਹੀਂ ਆਪਣੀ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਉਣ ਦਾ ਸਾਡੇ ਲਈ ਇਹ ਬਹੁਤ ਚੰਗਾ ਮੌਕਾ ਹੈ। ਉਨ੍ਹਾਂ ਇਸ ਸਬੰਧ ਵਿਚ ਕਿਸੇ ਕਿਸਮ ਦੀ ਸਹਾਇਤਾ ਲਈ ਫੋਨ ਨੰਬਰ 1-855-340-2021 ਤੇ ਸੰਪਰਕ ਕਰਨ ਲਈ ਕਿਹਾ ਹੈ।

# ਕੈਨੇਡਾ ਆਪਣਾ ਫਰਜ਼ ਨਿਭਾਉਣ ਵਿਚ ਅਸਫ਼ਲ ਰਿਹਾ-ਟਰੂਡੋ

[ਸਫ਼ਾ 3 ਦੀ ਬਾਕੀ]

ਆਦਿਵਾਸੀ ਅਤੇ ਸੰਧੀ ਹੱਕਾਂ ਦੀ ਮਾਨਤਾ ਸ਼ਾਮਿਲ ਹੋਵੇ। ਪਰ ਉਹ ਉਨ੍ਹਾਂ ਦੀ ਪਾਰਟੀ ਦੇ ਬਿੱਲ ਜਿਸ ਵਿਚ ਸਵਦੇਸ਼ੀ ਲੋਕਾਂ ਦੇ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਲਾਗੂ ਕਰਨਾ ਹੈ ਦਾ ਵਿਰੋਧ ਕਰਨ ਅਤੇ ਸਵਦੇਸ਼ੀ ਕਮਿਊਨਿਟੀ ਵਲੋਂ ਬਿਨ੍ਹਾਂ ਨਿਸ਼ਾਨ ਵਾਲੇ ਕਬਰਸਤਾਨਾਂ ਨੂੰ ਸਾਹਮਣੇ ਲਿਆਉਣ ਲਈ ਕੋਸ਼ਿਸ਼ਾਂ ਨੂੰ ਫੰਡ ਦੇਣ ਤੋਂ ਇਨਕਾਰ ਕਰਨ ਬਦਲੇ ਵਿਰੋਧੀ ਧਿਰ ਦੇ ਦੂਸਰੇ ਐਮਪੀਜ਼ ਦੇ ਹਮਲੇ ਹੇਠ ਆ ਗਏ। ਓਟੂਲ ਨੇ ਉਨ੍ਹਾਂ ਦਾ ਮੁਕਾਬਲਾ ਕਰਦਿਆਂ ਕਿਹਾ ਕਿ ਹੁਣ ਮੁੱਦੇ 'ਤੇ ਰਾਜਨੀਤੀ ਕਰਨ ਦਾ ਸਮਾਂ ਨਹੀਂ। ਟਰੂਡੋ ਨੇ ਰਿਹਾਇਸ਼ੀ ਸਕੂਲ ਨੂੰ ਭਾਸ਼ਾ ਅਤੇ ਸਭਿਆਚਾਰ ਖਤਮ ਕਰਨ ਲਈ ਤਿਆਰ ਕੀਤੀ ਗਈ ਬਸਤੀਵਾਦੀ ਨੀਤੀ ਦਾ ਹਿੱਸਾ ਦੱਸਿਆ ਪਰ ਇਸ ਨੂੰ ਨਸਲਕੁਸ਼ੀ ਕਹਿਣ ਤੋਂ ਇਨਕਾਰ ਕਰ ਦਿੱਤਾ।

### ਐਨਡੀਪੀ ਨੇਤਾ ਜਗਮੀਤ ਸਿੰਘ

ਐਨਡੀਪੀ ਨੇਤਾ ਜਗਮੀਤ ਸਿੰਘ ਜਿਨ੍ਹਾਂ ਨੇ ਬਹਿਸ ਲਈ ਬੇਨਤੀ ਕੀਤੀ ਨੇ ਕਿਹਾ ਕਿ ਇਹ ਰਿਹਾਇਸ਼ੀ ਸਕੂਲ, ਸਕੂਲ ਨਹੀਂ ਸਨ। ਉਹ ਤਾਂ ਮੂਲਨਿਵਾਸੀ ਲੋਕਾਂ ਨੂੰ ਖਤਮ ਕਰਨ ਲਈ ਤਿਆਰ ਕੀਤੀਆਂ ਸੰਸਥਾਵਾਂ ਸਨ। ਸਿੰਘ ਨੇ ਕਿਹਾ ਕਿ ਉਹ ਨਸਲਕੁਸ਼ੀ ਨੂੰ ਅੰਜ਼ਾਮ ਦੇਣ ਵਾਲੀਆਂ ਸੰਸਥਾਵਾਂ ਸਨ।

### ਸਭਿਆਚਾਰਕ ਨਸਲਕੁਸ਼ੀ

ਟਰੁੱਥ ਐਂਡ ਰੀਕੌਂਸੀਲੀਏਸ਼ਨ ਕਮਿਸ਼ਨ ਨੇ ਸਿੱਟਾ ਕੱਢਿਆ ਕਿ ਸਕੂਲ ਸਭਿਆਚਾਰਕ ਨਸਲਕੁਸ਼ੀ ਦੀ ਨੀਤੀ ਦੀ ਝਲਕ ਪੇਸ਼ ਕਰਦੇ ਹਨ ਪਰ ਵਿੰਨੀਪੈਗ ਤੋਂ ਐਨਡੀਪੀ ਐਮਪੀ ਲੀਹ ਗਜ਼ਨ ਜਿਹੜੇ ਸਸਕੈਚਵਨ ਵੁੱਡ ਮਾਊਂਟੇਨ ਲਕੋਟਾ ਨੇਸ਼ਨ ਦੇ ਮੈਂਬਰ ਹਨ ਨੇ ਕਿਹਾ ਕਿ ਸਭਿਆਚਾਰਕ ਨਸਲਕੁਸ਼ੀ ਵਾਲੀ ਕੋਈ ਗੱਲ ਨਹੀਂ। ਨਸਲਕੁਸ਼ੀ ਤਾਂ ਨਸਲਕੁਸ਼ੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਦੇਸ਼ ਵਿਚ ਮੇਲ ਮਿਲਾਪ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਸਚਾਈ ਸਵੀਕਾਰ ਕਰਨੀ ਪਵੇਗੀ। ਬਲੌਕ ਕਿਊਬਕ ਨੇਤਾ ਵੇਸ ਫਰੈਂਕੋਸ ਬਲਾਂਸ਼ੇ ਨੇ ਕਿਹਾ ਕਿ ਉਹ ਤਾਂ ਅਜੇ ਸਦਮੇ ਨੂੰ ਜ਼ਜਬ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਸਾਬਕਾ ਕਮਲੂਪਸ ਸਕੂਲ ਵਿਖੇ 215 ਬੱਚਿਆਂ ਦੇ ਕੰਕਾਲ ਹੋਣ ਦਾ ਪਤਾ ਲੱਗਾ ਹੈ ਅਤੇ ਉਨ੍ਹਾਂ ਫੈਡਰਲ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਹ ਪਤਾ ਲਾਉਣ ਲਈ ਲੋੜੀਂਦੀ ਤਕਨੀਕ ਲਈ ਫੰਡ ਮੁਹੱਈਆ ਕਰੇ ਕਿ ਕੀ ਦੂਸਰੇ ਸਕੂਲਾਂ ਵਿਚ ਵੀ ਇਸ ਤਰ੍ਹਾਂ ਦੀਆਂ ਬਿਨ੍ਹਾਂ ਨਿਸ਼ਾਨ ਦੇ ਕਬਰ ਵਾਲੀਆਂ ਥਾਵਾਂ ਹਨ।

# ਕੇਂਦਰੀ ਕਮੇਟੀ ਕੋਲ ਕਈ ਵਿਧਾਇਕਾਂ ਦੇ ਕੈਪਟਨ ਖ਼ਿਲਾਫ਼ ਭੁਗਤਣ ਦੇ ਚਰਚੇ

[ਸਫ਼ਾ 3 ਦੀ ਬਾਕੀ]

ਵਿੱਚ ਪ੍ਰਦੇਸ਼ ਕਾਂਗਰਸ ਦੇ ਤਿੰਨ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ, ਐੱਚ.ਐੱਸ. ਹੰਸਪਾਲ ਅਤੇ ਪਟਿਆਲਾ ਤੋਂ ਸੰਸਦ ਮੈਂਬਰ ਤੇ ਮੁੱਖ ਮੰਤਰੀ ਦੀ ਪਤਨੀ ਪਰਨੀਤ ਕੌਰ ਵੀ ਸ਼ਾਮਲ ਸਨ। ਬਾਜਵਾ ਤੇ ਦੂਲੋ ਤਾਂ ਪਿਛਲੇ ਇੱਕ ਸਾਲ ਦੇ ਵੱਧ ਸਮੇਂ ਤੋਂ ਮੁੱਖ ਮੰਤਰੀ ਖ਼ਿਲਾਫ਼ ਬਿਆਨਬਾਜ਼ੀ ਕਰਦੇ ਆ ਰਹੇ ਹਨ। ਜਦਕਿ ਮੁੱਖ ਮੰਤਰੀ ਦੀ ਪਤਨੀ ਪਰਨੀਤ ਕੌਰ ਨੇ ਸਰਕਾਰ ਦੀ ਕਾਰਗੁਜ਼ਾਰੀ ਤੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਦੀ ਤਾਰੀਫ ਕੀਤੀ ਜਦੋਂ ਕਿ ਹੰਸਪਾਲ ਦੀ ਸੁਰ ਮੱਠੀ ਰਹੀ। ਸੂਤਰਾਂ ਮੁਤਾਬਕ ਮਿਲਣ ਵਾਲੇ ਕੁਝ ਵਿਧਾਇਕਾਂ ਨੇ ਵੀ ਮੁੱਖ ਮੰਤਰੀ ਖ਼ਿਲਾਫ਼ ਭੜਾਸ ਕੱਢੀ। ਉਧਰ ਰਾਹੁਲ ਗਾਂਧੀ ਵੱਲੋਂ ਵੀ ਪੰਜਾਬ ਦੇ ਆਗੂਆਂ ਨਾਲ ਰਾਬਤਾ ਬਣਾ ਕੇ ਜਾਣਕਾਰੀ ਲੈਣ ਦਾ ਸਿਲਸਿਲਾ ਜਾਰੀ ਹੈ। ਮੰਤਰੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵੱਲੋਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਨ ਮਗਰੋਂ ਮੁੱਖ ਮੰਤਰੀ ਦੇ ਸਲਾਹਕਾਰ ਅਤੇ ਦਫ਼ਤਰ ਦੇ ਅਧਿਕਾਰੀ ਵੀ ਹਰਕਤ ਵਿੱਚ ਆ ਗਏ ਹਨ। ਸੂਤਰਾਂ ਮੁਤਾਬਕ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀ ਇਹ ਜਾਣਕਾਰੀ ਇਕੱਠੀ ਕਰ ਰਹੇ ਹਨ ਕਿ ਵਿਧਾਇਕਾਂ ਨੇ ਕਿਹੜੇ ਮੁੱਦਿਆਂ 'ਤੇ ਸਰਕਾਰ ਖ਼ਿਲਾਫ਼ ਹਾਈ ਕਮਾਂਡ ਦੀ ਕਮੇਟੀ ਦੇ ਸਾਹਮਣੇ ਤੱਥ ਪੇਸ਼ ਕੀਤੇ ਹਨ। ਇਸੇ ਦੌਰਾਨ ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਤੋਂ ਪਤਾ ਲੱਗਿਆ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਵੀਰਵਾਰ ਨੂੰ ਬਾਅਦ ਦੁਪਹਿਰ ਦਿੱਲੀ ਰਵਾਨਾ ਹੋਣਗੇ। ਸੂਤਰਾਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਹਰ ਦੋਸ਼ ਦਾ ਜਵਾਬ ਹੀ ਤਿਆਰ ਨਹੀਂ ਕੀਤਾ ਗਿਆ ਸਗੋਂ ਗ਼ੈਰਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਵਿਧਾਇਕਾਂ ਦੀਆਂ ਸੂਚੀਆਂ ਵੀ ਬਣਾਈਆਂ ਗਈਆਂ ਹਨ।

# ਪੰਜਾਬ ਕਾਂਗਰਸ ਦੀ ਕਾਟੋ ਕਲੇਸ਼ ਦੌਰਾਨ ਸੁਖਪਾਲ ਖਹਿਰਾ ਅਤੇ ਦੋ ਹੋਰ ਆਪ ਵਿਧਾਇਕ ਕਾਂਗਰਸ ਵਿਚ ਸ਼ਾਮਿਲ

[ਸਫ਼ਾ 3 ਦੀ ਬਾਕੀ]

ਸੁਲਝਾਉਣ ਦੇ ਯਤਨ ਤੇਜ਼ ਹੋ ਗਏ ਹਨ। ਇਸ ਤਹਿਤ ਪੰਜਾਬ ਕਾਂਗਰਸ ਦੇ ਮੁਖੀ ਸੁਨੀਲ ਜਾਖੜ ਤੇ ਹੋਰ ਸੀਨੀਅਰੀ ਕਾਂਗਰਸੀ ਆਗੂਆਂ ਵਲੋਂ ਦਿੱਲੀ ਵਿਚ ਤਿੰਨ ਮੈਂਬਰੀ ਕਮੇਟੀ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਇਹ ਵੀ ਚਰਚੇ ਹਨ ਕਿ ਪੰਜਾਬ ਵਿਚ ਦੋ ਉਪ ਮੁੱਖ ਮੰਤਰੀ ਲਾਏ ਜਾ ਸਕਦੇ ਹਨ ਪਰ ਇਸ ਸਬੰਧੀ ਅੰਤਿਮ ਫੈਸਲਾ ਸਾਰੇ ਵਿਧਾਇਕਾਂ ਦੀ ਫੀਡਬੈਕ ਲੈਣ ਤੋਂ ਬਾਅਦ ਕੀਤਾ ਜਾਵੇਗਾ। ਇਹ ਵੀ ਪਤਾ ਲੱਗਾ ਹੈ ਕਿ ਨਵਜੋਤ ਸਿੱਧੂ ਸਨਮਾਨਯੋਗ ਵਾਪਸੀ ਚਾਹੁੰਦੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਦਾ ਅਹੁਦਾ ਮਿਲ ਸਕਦਾ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਸ ਮੀਟਿੰਗ ਵਿਚ ਮੁੱਖ ਮੰਤਰੀ ਨੂੰ ਬਦਲਣ ਦਾ ਕੋਈ ਵੀ ਮੁੱਦਾ ਸ਼ਾਮਲ ਨਹੀਂ ਹੈ।













# ਅੰਮ੍ਰਿਤਸਰ ਵਿਚ ਲੱਗੇ ਸਿੱਧੂ ਦੀ ਗੁੰਮਸ਼ੁਦਗੀ ਦੇ ਪੋਸਟਰ

ਅੰਮ੍ਰਿਤਸਰ-ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਜੋ ਕਿ ਕਾਂਗਰਸ ਦੇ ਅੰਦਰੂਨੀ ਵਿਵਾਦ ਕਾਰਨ ਅੱਜ-ਕੱਲ੍ਹ ਦਿੱਲੀ ਵਿਚ ਹਨ, ਦੀ ਭਾਲ ਵਾਸਤੇ ਉਨ੍ਹਾਂ ਦੇ ਹਲਕੇ ਅੰਮ੍ਰਿਤਸਰ ਪੂਰਬੀ ਵਿੱਚ ਗੁੰਮਸ਼ੁਦਗੀ ਦੇ ਪੋਸਟਰ ਲਾਏ ਗਏ ਹਨ। ਉਨ੍ਹਾਂ ਦੀ ਭਾਲ ਕਰਨ ਵਾਲੇ ਨੂੰ 50 ਹਜ਼ਾਰ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਹਾਲਾਂਕਿ ਇਨ੍ਹਾਂ ਪੋਸਟਰਾਂ ਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ। ਇਹ ਪੋਸਟਰ ਜੌੜਾ ਫਾਟਕ ਰੇਲ ਹਾਦਸੇ ਨਾਲ ਸਬੰਧਤ ਪੀੜਤਾਂ ਦੀ ਰਿਹਾਇਸ਼ ਵਾਲੇ ਇਲਾਕੇ ਵਿੱਚ ਲਾਏ ਗਏ ਹਨ ਜੋ ਸ੍ਰੀ ਸਿੱਧੂ ਦੇ ਹਲਕੇ ਦਾ ਹਿੱਸਾ ਹੈ। ਸਾਲ 2018 ਵਿਚ ਦਸਹਿਰੇ ਦੀ ਰਾਤ ਵਾਪਰੇ ਰੇਲ ਹਾਦਸੇ ਵਿੱਚ 60 ਲੋਕ ਮਾਰੇ ਗਏ ਸਨ ਅਤੇ ਵੱਡੀ ਗਿਣਤੀ ਵਿਚ ਲੋਕ ਜ਼ਖ਼ਮੀ ਹੋ ਗਏ ਸਨ। ਉਸ ਵੇਲੇ ਸ੍ਰੀ ਸਿੱਧੂ ਨੇ ਇਨ੍ਹਾਂ ਪੀੜਤਾਂ ਨੂੰ ਅਪਣਾਉਣ ਅਤੇ ਇਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਸੀ ਪਰ ਅਜਿਹਾ ਕੁਝ ਨਹੀਂ ਹੋਇਆ। ਇਹ ਪੋਸਟਰ ਲਾਉਣ ਵਾਲੀ ਜਥੇਬੰਦੀ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਸੁਸਾਇਟੀ ਦੇ ਆਗੂ ਅਨਿਲ ਵਸ਼ਿਸ਼ਟ ਨੇ ਦੱਸਿਆ ਕਿ ਉਨ੍ਹਾਂ ਰੇਲ ਹਾਦਸੇ ਨਾਲ ਪੀੜਤਾਂ ਦੇ ਇਸ ਇਲਾਕੇ ਵਿਚ ਲਗਪਗ 150 ਪੋਸਟਰ ਲਾਏ ਹਨ, ਜਿਨ੍ਹਾਂ ਨੂੰ ਬਾਅਦ ਵਿਚ ਸਿੱਧੂ ਦੇ ਸਮਰਥਕਾਂ ਨੇ ਉਤਾਰ ਦਿੱਤਾ। ਉਨ੍ਹਾਂ ਆਖਿਆ ਕਿ ਕਾਂਗਰਸੀ ਵਿਧਾਇਕ ਲੰਮੇ ਸਮੇਂ ਤੋਂ ਆਪਣੇ ਹਲਕੇ 'ਚੋਂ ਗੈਰਹਾਜ਼ਰ ਹੈ ਜਿਸ ਕਾਰਨ ਹਲਕੇ ਦਾ ਮਾੜਾ ਹਾਲ ਹੈ। ਕਰੋਨਾ ਦੇ ਮਾੜੇ ਦੌਰ 'ਚ ਲੋਕਾਂ ਨੂੰ ਆਪਣੇ ਨੁਮਾਇੰਦੇ ਦੀ ਲੋੜ ਹੈ ਪਰ ਉਹ ਗੈਰਹਾਜ਼ਰ ਹੈ। ਹਲਕੇ ਵਿਚ ਸੜਕਾਂ ਤੇ ਗੱਲੀਆਂ ਟੁੱਟੀਆਂ ਹਨ, ਸਫਾਈ ਦਾ ਮੰਦਾ ਹਾਲ ਹੈ, ਲੋਕਾਂ ਦੀ ਕੋਈ ਸਾਰ ਲੈਣ ਵਾਲਾ ਨਹੀਂ ਹੈ। ਇਲਾਕਾਵਾਸੀ ਦੀਪਕ ਨੇ ਵਿਅੰਗ ਕਰਦਿਆਂ ਆਖਿਆ ਕਿ ਹਲਕੇ ਦੇ ਲੋਕਾਂ ਨੇ ਉਸ ਨੂੰ ਜਿਤਾਉਣ ਲਈ 'ਤਾਲੀ ਠੋਕੀ' ਸੀ ਪਰ ਉਨ੍ਹਾਂ ਨੂੰ ਮਿਲਿਆ ਕਿ 'ਬਾਬਾ ਜੀ ਕਾ ਠੁਲੂ।'

## ਬੇਅਦਬੀਆਂ ਦੇ ਇਨਸਾਫ ਲਈ ਸੰਘਰਸ਼ ਦੀ ਰੂਪ ਰੇਖਾ ਜਲਦ-ਦਾਦੂਵਾਲ

ਕੋਟਕਪੂਰਾ-ਬੇਅਦਬੀ ਅਤੇ ਗੋਲੀ ਕਾਂਡ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਲਈ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਿਆਂ ਵਿੱਚ ਕੀਤੀ ਗਈ ਅਰਦਾਸ ਦੌਰਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਕੋਈ ਭਰੋਸਾ ਨਹੀਂ ਪਰ ਕਸੂਰਵਾਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਉਹ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਸਿਟ ਦਾ ਪੂਰਾ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਬਰਗਾੜੀ ਦੀ ਧਰਤੀ 'ਤੇ ਅਗਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰ ਕੇ ਇਸ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਇੰਨੇ ਸਾਲ ਬੀਤਣ ਮਗਰੋਂ ਵੀ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ। ਹੁਣ ਉਨ੍ਹਾਂ ਨੇ ਗੁਰੂ ਅੱਗੇ ਅਰਦਾਸ ਕੀਤੀ ਹੈ। ਸਰਕਾਰ ਦੀ ਸਪੈਸ਼ਲ ਜਾਂਚ ਟੀਮ ਬਾਰੇ ਉਨ੍ਹਾਂ ਕਿਹਾ ਕਿ ਇਸ ਦਾ ਕੋਈ ਫਾਇਦਾ ਨਹੀਂ।

# ਚੀਨ ਨੇ ਬੱਚੇ ਪੈਦਾ ਕਰਨ ਦੀ ਨੀਤੀ ਬਦਲੀ



ਬੀਜਿੰਗ-ਚੀਨ ਸਰਕਾਰ ਨੇ ਵਿਸ਼ਵ ਦੇ ਸਭ ਤੋਂ ਵੱਧ ਵਸੋਂ ਵਾਲੇ ਦੇਸ਼ ਵਿਚ ਜਨਮ ਦਰ ਵਿਚ ਨਾਟਕੀ ਢੰਗ ਨਾਲ ਆਈ ਗਿਰਾਵਟ ਪਿੱਛੋਂ ਆਪਣੀ ਬੱਚਾ ਪੈਦਾ ਕਰਨ ਦੀ ਨੀਤੀ ਵਿਚ ਤਬਦੀਲੀ ਕਰਦਿਆਂ ਮਾਪਿਆਂ ਨੂੰ ਤਿੰਨ ਬੱਚੇ ਪੈਦਾ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਇਸ ਤੋਂ ਪਹਿਲ ਸਰਕਾਰ ਨੇ 2016 ਵਿਚ ਇਕ ਬੱਚਾ ਪੈਦਾ ਕਰਨ ਦੀ ਨੀਤੀ ਨੂੰ ਬਦਲਕੇ ਦੋ ਬੱਚੇ ਪੈਦਾ ਕਰਨ ਦੀ ਇਜਾਜ਼ਤ ਦਿੱਤੀ ਸੀ ਪਰ ਹੁਣ ਬੁੱਢੀ ਹੋ ਰਹੀ ਆਬਾਦੀ ਨੂੰ ਧਿਆਨ ਵਿਚ ਰੱਖਦਿਆਂ ਇਹ ਨਵੀਂ ਤਿੰਨ ਬੱਚੇ ਪੈਦਾ ਕਰਨ ਦੀ ਨੀਤੀ ਦਾ ਐਲਾਨ ਕੀਤਾ ਹੈ। ਚੀਨ ਸਰਕਾਰ ਦੀ ਦੋ ਬੱਚੇ ਪੈਦਾ ਕਰਨ ਦੀ ਨੀਤੀ ਵੀ ਕਾਰਗਰ ਸਾਬਤ ਨਾ ਹੋਈ ਕਿਉਂਕਿ ਚੀਨੀ ਸ਼ਹਿਰਾਂ ਵਿਚ ਬੱਚਿਆਂ ਨੂੰ ਪਾਲਣ ਪੋਸ਼ਣ 'ਤੇ ਭਾਰੀ ਖਰਚ ਆਉਣ ਕਾਰਨ ਜੋੜੇ ਪਰਿਵਾਰ ਸ਼ੁਰੂ ਕਰਨ ਦੀ ਗੱਲ ਨੂੰ ਟਾਲ ਰਹੇ ਹਨ। ਤਿੰਨ ਬੱਚੇ ਪੈਦਾ ਕਰਨ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਪ੍ਰਧਾਨਗੀ ਹੇਠ ਪੋਲਿਟਬਿਊਰੋ ਦੀ ਹੋਈ ਮੀਟਿੰਗ ਵਿਚ ਲਿਆ ਗਿਆ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic-cric
#12387 - 75 Ave., Surrey BC V3W 2S7
Email: contactuniglobal@gmail.com

WE HAVE MOVED TO BIGGER & BETTER LOCATION
#208-7110-120TH ST, SURREY


ICBC
NO WIN NO FEE
WE DO HOME & HOSPITAL VISITS
Your Lawyers, Because We Care
▪ Criminal Law
▪ Divorce Cases
▪ Immigration Law
▪ Notary Services
Singh Thind and Associates
BARRISTERS & SOLICITORS
#208 7110 120TH ST,
SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

## ਸੰਪਾਦਕੀ

### ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ

# ਦਲਿਤ ਰਾਜਨੀਤੀ ਦੇ ਨਾਮ ਹੇਠ ਇਕ ਹੋਰ ਸਾਜਿਸ਼ੀ ਖੇਡ...

**ਸੁਖਵਿੰਦਰ ਸਿੰਘ ਚੋਹਲਾ**

ਕਰੋਨਾ ਮਹਾਂਮਾਰੀ ਕਾਰਣ ਲੋਕ ਸਹਿਮ ਦੇ ਸਾਏ ਹੇਠ ਜਿਊ ਰਹੇ ਹਨ। ਉਹਨਾਂ ਨੂੰ ਇਲਾਜ, ਦਵਾਈਆਂ, ਟੀਕਾਕਰਣ ਅਤੇ ਬੇਹਤਰ ਸਿਹਤ ਸਹੂਲਤਾਂ ਦੀ ਲੋੜ ਹੈ। ਪਰ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਹਨ ਕਿ ਉਹਨਾਂ ਦਾ ਧਿਆਨ ਲੋਕਾਂ ਦੀ ਸਿਹਤ ਦੀ ਚਿੰਤਾ ਕਰਨ ਦੀ ਥਾਂ ਉਹਨਾਂ ਦੀਆਂ ਵੋਟਾਂ ਵੱਲ ਵਧੇਰੇ ਹੈ। ਉਹ ਅਜਿਹੇ ਤਾਣੇ ਬਾਣੇ ਬੁਣਨ ਵਿਚ ਮਸਰੂਫ ਹਨ ਕਿ ਆਗਾਮੀ ਚੋਣਾਂ ਦੌਰਾਨ ਲੋਕਾਂ ਦੀਆਂ ਵੋਟਾਂ ਕਿਵੇ ਹਥਿਆਈਆਂ ਜਾ ਸਕਦੀਆਂ ਹਨ। ਇਸ ਲਈ ਉਹ ਲੋਕਾਂ ਵਿਚ ਫਿਰਕੂ ਤਣਾਅ ਪੈਦਾ ਕਰਨ ਅਤੇ ਸਮਾਜ ਨੂੰ ਵੰਡੀ ਰੱਖਣ ਦੀਆਂ ਚਾਲਾਂ ਵਿਚ ਵੀ ਮਸਰੂਫ ਹਨ।

ਪੰਜਾਬ ਵਿਚ ਵਿਧਾਨ ਸਭਾ ਨੇੜੇ ਆ ਰਹੀਆਂ ਹਨ। ਇਹਨਾਂ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਸਿਆਸੀ ਪਾਰਟੀਆਂ ਵਲੋ ਪੰਜਾਬ ਵਿਚ ਇਕ ਨਵਾਂ ਜਾਤੀ ਬਿਖੇੜਾ ਖੜਾ ਕਰਨ ਦੇ ਯਤਨ ਹੋ ਰਹੇ ਹਨ। ਕਹਿਣ ਨੂੰ ਤਾਂ ਸਾਰੀਆਂ ਪਾਰਟੀਆਂ ਪੰਜਾਬ ਦੀ ਦਲਿਤ ਬਰਾਦਰੀ ਨੂੰ ਮਾਣ ਸਨਮਾਨ ਦੇਣ ਦੇ ਐਲਾਨ ਕਰ ਰਹੀਆਂ ਹਨ ਪਰ ਭਾਰਤੀ ਜਨਤਾ ਪਾਰਟੀ ਜਿਸਨੂੰ ਕਿਸਾਨ ਅੰਦੋਲਨ ਕਾਰਣ ਸਭ ਤੋ ਵਧੇਰੇ ਨੁਕਸਾਨ ਪੁੱਜ ਰਿਹਾ ਹੈ, ਦਲਿਤਾਂ ਦੀ ਸਭ ਤੋ ਵੱਡੀ ਹਮਦਰਦ ਹੋਣ ਦਾ ਦਾਅਵਾ ਕਰਨ ਲੱਗੀ ਹੈ। ਕੋਈ ਆਗਾਮੀ ਚੋਣਾਂ ਦੌਰਾਨ ਕਿਸੇ ਦਲਿਤ ਆਗੂ ਨੂੰ ਉਪ ਮੁੱਖ ਮੰਤਰੀ ਅਤ ਕੋਈ ਮੁੱਖ ਮੰਤਰੀ ਬਣਾਏ ਜਾਣ ਦੇ ਐਲਾਨ ਕਰ ਰਿਹਾ ਹੈ। ਭਾਜਪਾ ਵਲੋ ਆਪਣੇ ਦਾਅਵੇ ਦੀ ਪੂਰਤੀ ਲਈ ਆਪਣੇ ਆਗੂਆਂ ਨੂੰ ਕੁਝ ਜ਼ਿਆਦਾ ਹੀ ਸਰਗਰਮ ਕਰ ਦਿੱਤਾ ਲੱਗਦਾ ਹੈ। ਪਰ ਇਸ ਸਰਗਰਮੀ ਵਿਚੋ ਪਿਛਲੇ ਦਿਨੀ ਜੋ ਕੁਝ ਸਾਹਮਣੇ ਆਇਆ ਹੈ, ਉਸ ਉਪਰ ਚਿੰਤਾ ਕਰਨੀ ਬਣਦੀ ਹੈ। ਗੁਰਾਂ ਦੇ ਨਾਂ ਤੇ ਵਸਦੇ ਪੰਜਾਬ ਜਿਥੇ ਭਾਰਤ ਭਰ ਚੋ ਸਭ ਤੋ ਵਧੇਰੇ ਦਲਿਤ ਵਸੋ ਆਬਾਦ ਹੈ ਤੇ ਸਨਮਾਨਜਨਕ ਜ਼ਿੰਦਗੀ ਦੇ ਮੁਕਾਬਲੇ ਕਿਸੇ ਕਥਿਤ 'ਸਵਰਨ' ਦੀ ਟੈਂ ਨਹੀ ਮੰਨਦੀ, ਉਥੇ ਦਲਿਤਾਂ ਦੇ ਨਾਮ ਉਪਰ ਰਾਜਨੀਤੀ ਦੀ ਨਵੀਂ ਤੇ ਕੋਝੀ ਖੇਡ ਖੇਡਣ ਦੇ ਯਤਨ ਹੋਣ ਲੱਗੇ ਹਨ।

ਪਿਛਲੇ ਦਿਨੀਂ ਬਠਿੰਡਾ ਜਿਲੇ ਦੇ ਪਿੰਡ ਬੀੜ ਤਲਾਬ ਦੇ ਇਕ ਗੁਰੂ ਘਰ ਵਿਚ ਪਿੰਡ ਦੀ ਸਰਪੰਚਨੀ ਦੇ ਪਤੀ ਵਲੋ ਨਿਹੰਗ ਬਾਣਾ ਪਾਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੜਦੀ ਕਲਾ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਦੀ ਰਿਹਾਈ ਅਤੇ ਦਲਿਤ ਸਮਾਜ ਦੇ ਕਿਸੇ ਆਗੂ ਨੂੰ ਮੁੱਖ ਮੰਤਰੀ ਬਣਾਏ ਜਾਣ ਦੀ ਜੋ ਅਰਦਾਸ ਕੀਤੀ ਗਈ ਤੇ ਇਸ ਵਿਵਾਦਿਤ ਅਰਦਾਸ ਨੂੰ ਬਾਕਾਇਦਾ ਇਕ ਟੀਵੀ ਚੈਨਲ ਦੇ ਫੋਟੋਗ੍ਰਾਫਰ ਵਲੋ ਰਿਕਾਰਡ ਕੀਤਾ ਗਿਆ ਤੇ ਫਿਰ ਟੀ ਵੀ ਚੈਨਲ ਦੇ ਪੱਤਰਕਾਰ ਵਲੋ ਵਾਇਰਲ ਕੀਤਾ ਗਿਆ, ਉਸਨੇ ਪੰਜਾਬ ਦੇ ਫਿਰਕੂ ਸ਼ਾਂਤੀ ਵਾਲੇ ਮਾਹੌਲ ਵਿਚ ਅੱਗ ਲਗਾਉਣ ਦੀ ਸਾਜਿਸ਼ ਦਾ ਪਰਦਾ ਬੇਨਕਾਬ ਕਰ ਦਿੱਤਾ ਹੈ। ਇਸਤੋ ਵੀ ਅੱਗੇ ਇਸ ਸਾਰੇ ਘਟਨਾਕ੍ਰਮ ਪਿੱਛੇ ਇਕ ਭਾਜਪਾ ਆਗੂ ਦਾ ਸ਼ਾਮਿਲ ਹੋਣਾ ਤੇ ਦਿਸ਼ਾ ਨਿਰਦੇਸ਼ ਦੇਣਾ ਅਤਿ ਚਿੰਤਾਜਨਕ ਹੈ।

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਇਸ ਮਾਮਲੇ ਦੀ ਜਾਂਚ ਲਈ ਇਕ ਕਮੇਟੀ ਗਠਿਤ ਕੀਤੀ ਗਈ ਜਿਸ ਵਲੋ ਆਪਣੀ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਨੂੰ ਸੌਪੀ ਗਈ ਗਈ ਹੈ। ਇਕ ਹੋਰ ਸੰਸਥਾ ਦੀ ਪੰਜ ਮੈਂਬਰੀ ਕਮੇਟੀ ਵਲੋ ਵੀ ਇਸਦੀ ਵਿਸਥਾਰਿਤ ਪੜਤਾਲ ਕੀਤੀ ਗਈ ਜਿਸ ਵਿਚ ਸਬੰਧਿਤ ਭਾਜਪਾ ਆਗੂ ਦੀ ਟੀ ਵੀ ਕੈਮਰਾਮੈਨ, ਪੱਤਰਕਾਰ , ਅਰਦਾਸੀਏ ਅਤੇ ਅਰਦਾਸੀਏ ਦੀ ਸਰਪੰਚ ਪਤਨੀ ਨਾਲ ਗੱਲਬਾਤ ਰਿਕਾਰਡਿੰਗ ਦੇ ਅੰਸ਼ ਆਡੀਓ ਤੇ ਲਿਖਤੀ ਰੂਪ ਵਿਚ ਨਸ਼ਰ ਕੀਤੇ ਗਏ ਹਨ। ਇਸ ਰਿਕਾਰਡਿੰਗ ਤੋ ਸਪੱਸ਼ਟ ਹੁੰਦਾ ਹੈ ਕਿ ਕਿਵੇਂ ਭਾਜਪਾ ਲੀਡਰਸ਼ਿਪ ਪੰਜਾਬ ਦੀ ਕਿਸਾਨੀ 'ਚ ਆਪਣੀ ਖੁੱਸ ਚੁੱਕੀ ਜ਼ਮੀਨ ਨੂੰ ਦਲਿਤ ਸਮਾਜ ਵਿਚ ਤਲਾਸ਼ਣ ਦੇ ਯਤਨ ਕਰ ਰਹੀ ਹੈ। ਇਹਨਾਂ ਯਤਨਾਂ ਤਹਿਤ ਭਾਵੇਂ ਫਿਰਕੂ ਤਣਾਅ ਪੈਦਾ ਹੋਵੇ ਜਾਂ ਅਰਾਜਕਤਾ ਫੈਲੇ, ਇਸਦੀ ਉਹਨਾਂ ਨੂੰ ਕੋਈ ਪਰਵਾਹ ਨਹੀ। ਇਸ ਘਟਨਾਕ੍ਰਮ ਵਿਚ ਡੇਰਾ ਸਿਰਸਾ ਦੇ ਵਿਵਾਦਿਤ ਮੁਖੀ ਦੀ ਰਿਹਾਈ ਤੇ ਉਸਨੂੰ ਡੇਰੇ ਵਿਚ ਮੁੜ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਗਾਉਣ ਦੀ ਗਹਿਰੀ ਸਾਜਿਸ਼ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ?

ਇਸ ਦੌਰਾਨ ਅਰਦਾਸੀਏ ਸਿੱਖ ਦੀ ਪਤਨੀ ਵਲੋ ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਤੇ ਅਨੁਸੂਚਿਤ ਜਾਤੀ ਕੌਮੀ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ ਕਰਨਾ, ਉਹਨਾਂ ਕੋਲੋ ਸੁਰੱਖਿਆ ਅਤੇ ਵਿੱਤੀ ਸਹਾਇਤਾ ਦੀ ਮੰਗ ਕਰਨ ਇਹ ਦਰਸਾਉਣ ਲਈ ਕਾਫੀ ਹੈ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੀ ਇਸ ਖੇਡ ਵਿਚ ਕਿੰਨੀ ਕੁ ਸਹਿਮਤੀ ਹੈ। ਅਰਦਾਸੀਏ ਸਿੱਖ ਦੀ ਪਤਨੀ ਦਾ ਕਹਿਣਾ ਹੈ ਕਿ ਉਸਦੇ ਪਤੀ ਨੇ ਪ੍ਰਧਾਨ ਮੰਤਰੀ ਦੀ ਤੰਦਰੁਸਤੀ ਦੀ ਅਰਦਾਸ ਕਰਕੇ ਕੁਝ ਵੀ ਗਲਤ ਨਹੀ ਕੀਤਾ, ਇਸ ਲਈ ਉਸ ਖਿਲਾਫ ਕੇਸ ਰੱਦ ਕੀਤਾ ਜਾਵੇ ਪਰ ਉਸਨੇ ਇਹ ਜ਼ਿਕਰ ਨਹੀ ਕੀਤਾ ਕਿ ਅਰਦਾਸ ਵਿਚ ਡੇਰਾ ਸਿਰਸਾ ਦੇ ਮੁਖੀ ਦੀ ਰਿਹਾਈ ਨੂੰ ਛੇਵੇਂ ਪਾਤਸ਼ਾਹ ਵਲੋ ਗਵਾਲੀਅਰ ਦੇ ਕਿਲੇ ਵਿਚੋ 52 ਪਹਾੜੀ ਰਾਜਿਆਂ ਦੀ ਰਿਹਾਈ ਵਾਂਗ ਜੋੜਨਾ, ਸਿੱਖ ਜਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਆਹਤ ਕਰਨਾ ਉਚਿਤ ਸੀ? ਗੁਰੂ ਦੇ ਰੂਬਰੂ ਅਰਦਾਸ ਸਰਬਤ ਦੇ ਭਲੇ ਲਈ ਕੀਤੀ ਜਾਂਦੀ ਹੈ ਨਾਕਿ ਕਿਸੇ ਵਿਅਕਤੀ ਵਿਸ਼ੇਸ਼ ਦੇ ਸੋਹਲੇ ਗਾਉਣ ਲਈ। ਇਹ ਅਰਦਾਸ ਕਿਸੇ ਸਧਾਰਣ ਸਿੱਖ ਵੱਲੋ ਆਪਣੇ ਘਰ ਵਿਚ ਨਹੀ ਬਲਕਿ ਬਾਕਾਇਦਾ ਗੁਰੂ ਘਰ ਵਿਚ ਪੂਰਾ ਅੰਡਬਰ ਰਚਦਿਆਂ, ਕਿਸੇ ਦੇ ਦਿਸ਼ਾ ਨਿਰਦੇਸ਼ ਹੇਠ ਕਰਵਾਈ ਗਈ। ਇਸ ਭੁੱਲ ਨੂੰ ਤਾਂ ਕੈਮਰਾਮੈਨ ਵੀ ਸਵੀਕਾਰ ਕਰਦਿਆਂ ਕਹਿ ਚੁੱਕਾ ਹੈ ਕਿ ਉਹਨਾਂ ਨੂੰ 'ਵਰਤਿਆ' ਗਿਆ ਹੈ। ਭਾਵੇਂਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵਲੋ ਪੰਜਾਬ ਵਿਚ ਵਾਪਰੇ ਇਸ ਤਾਜ਼ਾ ਘਟਨਾਕ੍ਰਮ ਦੇ ਮਾਮਲੇ ਉਪਰ ਕੋਈ ਪ੍ਰਤੀਕਰਮ ਸਾਹਮਣੇ ਨਹੀ ਆਇਆ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਛਵੀ ਨੂੰ ਦਲਿਤ ਸਮਾਜ ਵਿਚ ਉਭਾਰਨ ਦੇ ਯਤਨਾਂ ਦੀ ਰਣਨੀਤੀ ਸਮਝਣ ਦੀ ਲੋੜ ਹੈ। ਪ੍ਰਧਾਨ ਮੰਤਰੀ ਨਾਲ ਡੇਰਾ ਸਿਰਸਾ ਦੇ ਮੁਖੀ ਦੀ ਰਿਹਾਈ ਤੇ ਪੰਜਾਬ ਦਾ ਮੁੱਖ ਮੰਤਰੀ ਕਿਸੇ ਦਲਿਤ ਆਗੂ ਨੂੰ ਬਣਾਉਣ ਦੀ ਅਰਜੋਈ ਅਕਾਰਣ ਹੀ ਰਲਗੱਡ ਨਹੀ ਕੀਤੀ ਗਈ। ਭਾਵੇਂਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਸ੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਇਸ ਸਾਜਿਸ਼ ਨੂੰ ਬੇਨਕਾਬ ਕਰਨ ਦੀ ਚਾਰਾਜੋਈ ਕੀਤੀ ਹੈ ਪਰ ਇਸ ਦੌਰਾਨ ਪੰਜਾਬ ਦੀ ਕਾਂਗਰਸ ਸਰਕਾਰ ਦੀ ਚੁੱਪ ਵੀ ਸਵਾਲ ਹਨ। ਉਹ ਕਾਂਗਰਸ ਜੋ ਹੁਣ ਤੱਕ ਬੇਅਦਬੀਆਂ ਦੇ ਮੁੱਦੇ ਉਪਰ ਮੁੱਖ ਵਿਰੋਧੀ ਪਾਰਟੀ ਅਕਾਲੀ ਦਲ ਅਤੇ ਉਸਦੀ ਲੀਡਰਸ਼ਿਪ ਨੂੰ ਪਾਣੀ ਪੀ ਪੀ ਕੋਸਦੀ ਆ ਰਹੀ ਹੈ, ਉਹ ਇਸ ਮੁੱਦੇ ਨੂੰ ਗੰਭੀਰਤਾ ਨਾਲ ਕਿਉ ਨਹੀ ਲੈ ਰਹੀ? ਉਸ ਵਲੋ ਸਰਕਾਰੀ ਪੱਧਰ ਉਪਰ ਕੋਈ ਜਾਂਚ ਕਿਉਂ ਨਹੀ? ਪੰਜਾਬ ਕਾਂਗਰਸ ਦੇ ਆਗੂ ਹੁਣ ਤੱਕ ਅਕਾਲੀ ਦਲ ਦੀ ਲੀਡਰਸ਼ਿਪ ਉਪਰ ਡੇਰਾ ਸਿਰਸਾ ਦੇ ਮੁੱਖੀ ਨੂੰ ਸਾਲ 2007 ਵਿਚ ਦਸਮ ਪਿਤਾ ਦਾ ਸਵਾਂਗ ਰਚਾਏ ਜਾਣ ਕਾਰਣ ਦਰਜ ਕੀਤੇ ਗਏ ਕੇਸ ਵਿਚੋ ਬਚਾਉਣ ਦੇ ਦੋਸ਼ ਲਗਾਉਂਦੇ ਆ ਰਹੇ ਹਨ, ਪਰ ਹੁਣ ਜਦੋ ਇਸ ਅਰਦਾਸ ਮਾਮਲੇ ਵਿਚ ਡੇਰਾ ਮੁਖੀ ਦਾ ਨਾਮ ਗੂੰਜਿਆ ਹੈ ਤਾਂ ਉਹਨਾਂ ਦੀ ਚੁੱਪੀ ਦੇ ਕੀ ਅਰਥ ਹਨ? ਬੇਅਦਬੀਆਂ ਦੇ ਮੁੱਦੇ ਉਪਰ ਆਪਣੀ ਸਰਕਾਰ ਨਾਲ ਨਾਰਾਜ਼ਗੀ ਜ਼ਾਹਰ ਕਰਨ ਵਾਲੇ ਕਾਂਗਰਗੀ ਆਗੂ ਬਹਿਬਲ ਕਲਾਂ, ਬਰਗਾੜੀ ਅਤੇ ਕੋਟਕਪੂਰਾ ਗੋਲੀਕਾਂਡ ਦੀਆਂ ਘਟਨਾਵਾਂ ਸਬੰਧੀ ਤਾਂ ਤਤਕਾਲੀ ਅਕਾਲੀ ਸਰਕਾਰ ਦੇ ਨੁਮਾਇੰਦਿਆਂ ਦੀ ਜ਼ਿੰਮੇਵਾਰੀ ਤੈਅ ਕੀਤੇ ਜਾਣ ਲਈ ਦਬਾਅ ਦੀ ਨੀਤੀ ਉਪਰ ਇਕਮੱਤ ਹਨ ਪਰ ਪੰਜਾਬ ਨੂੰ ਮੁੜ ਬਲਦੀ ਦੇ ਬੁੱਥੇ ਦੇਣ ਦੀ ਸਾਜਿਸ਼ ਉਪਰ ਸਹਿਜ ਕਿਉ ਹਨ?

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
iccrc crcic




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ


ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# ਆਦੇਸ਼ ਇੰਸਟੀਚਿਊਟ ਵੱਲੋਂ ਸਿਹਤ ਅਤੇ ਦੇਖਭਾਲ ਸਬੰਧੀ ਆਨਲਾਈਨ ਇੰਟਰਨੈਸ਼ਨਲ ਕਾਨਫਰੰਸ

## ਕੈਨੇਡਾ, ਸਾਊਦੀ ਅਰਬ, ਪਾਕਿਸਤਾਨ ਅਤੇ ਭਾਰਤ ਦੇ 12 ਰਾਜਾਂ ਦੇ ਪ੍ਰਤੀਨਿਧ ਹੋਏ ਸ਼ਾਮਲ

ਸਰੀ (ਹਰਦਮ ਮਾਨ)-ਆਦੇਸ਼ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਸ੍ਰੀ ਮੁਕਤਸਰ ਸਾਹਿਬ ਵੱਲੋਂ ਸਿਹਤ ਅਤੇ ਦੇਖਭਾਲ ਸਬੰਧੀ ਔਨਲਾਈਨ ਇੰਟਰਨੈਸ਼ਨਲ ਕਾਨਫਰੰਸ "ਦਿ ਗਲੋਬਲ ਨੀਡ ਟੂ ਸਰਵਾਈਵ" ਕਰਵਾਈ ਗਈ, ਜਿਸ ਵਿਚ ਕੈਨੇਡਾ, ਸਾਊਦੀ ਅਰਬ, ਪਾਕਿਸਤਾਨ ਤੋਂ ਇਲਾਵਾ ਭਾਰਤ ਦੇ 12 ਰਾਜਾਂ ਤੋਂ ਕੁੱਲ 300 ਪ੍ਰਤੀਨਿਧੀਆਂ ਨੇ ਸ਼ਮੂਲੀਅਤ ਕੀਤੀ। ਆਦੇਸ਼ ਇੰਸਟੀਚਿਊਟ ਦੇ ਕਾਲਜ ਆਫ ਫਿਜ਼ੀ ਥੈਰੇਪੀ ਨੇ ਇਸ ਤਿੰਨ ਦਿਨਾਂ ਵਿਦਿਅਕ ਕਾਨਫਰੰਸ ਦੀ ਮੇਜ਼ਬਾਨੀ ਕੀਤੀ। ਕਾਨਫਰੰਸ ਦਾ ਉਦਘਾਟਨ ਉੱਤਰਾਖੰਡ ਵਿਗਿਆਨ ਅਤੇ ਟੈਕਨੋਲੋਜੀ, ਸੂਚਨਾ ਵਿਭਾਗ ਦੇ ਸੀਨੀਅਰ ਵਿਗਿਆਨਕ ਅਧਿਕਾਰੀ ਡਾ। ਅਪਰਨਾ ਸਰੀਨ ਨੇ ਕੀਤਾ। ਉਨ੍ਹਾਂ ਇਸ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਮਹਾਂਮਾਰੀ ਦੌਰਾਨ ਸਾਨੂੰ ਸਵੈ-ਸੰਭਾਲ ਅਤੇ ਸਵੈ-ਪ੍ਰੇਰਿਤ ਕਰਨ ਦੀ ਆਦਤ ਅਪਣਾਉਣੀ ਪਵੇਗੀ। ਉਨ੍ਹਾਂ "ਵੰਨ ਹੈਲਥ" ਪਹੁੰਚ ਨਾਲ ਵਿਸ਼ਵ ਨੂੰ ਸੁਰੱਖਿਅਤ ਰੱਖਣ ਦਾ ਸੁਨੇਹਾ ਦਿੱਤਾ। ਪੰਜਾਬ ਯੂਨੀਵਰਸ ਆਫ ਅਕੈਡਮਿਕ ਐਕਸੈਲੈਂਸ ਦੇ ਚੇਅਰਮੈਨ ਡਾ। ਜਨਜੀਤਪਾਲ ਸਿੰਘ ਸੇਖੋਂ ਨੇ ਕਾਨਫਰੰਸ ਵਿਚ ਸ਼ਾਮਲ ਡੈਲੀਗੇਟਾਂ ਨੂੰ ਹਰ ਪੇਸ਼ਾਵਰ ਖੇਤਰ ਵਿਚ ਹਮੇਸ਼ਾ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੀ ਪਹੁੰਚ ਯਕੀਨੀ ਬਣਾਉਣ ਦੀ ਲੋੜ ਤੇ ਜ਼ੋਰ ਦਿੱਤਾ। ਇਸ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਜਰਮਨਜੀਤ ਸਿੰਘ ਸੰਧੂ ਨੇ ਆਉਣ ਵਾਲੇ ਦਿਨਾਂ ਵਿੱਚ ਲੜੀਵਾਰ ਤਜਵੀਜ਼ ਕੀਤੇ ਜਾਣ ਵਾਲੇ ਪੰਜਾਬ ਯੂਨੀਵਰਸ ਦੇ ਵੱਖ-ਵੱਖ ਨਵੇਂ ਵਿਦਿਅਕ ਪ੍ਰੋਜੈਕਟਾਂ ਦਾ ਖੁਲਾਸਾ ਕੀਤਾ। ਉਨ੍ਹਾਂ ਸਿੱਖਿਆ ਪ੍ਰਤੀ ਕੁਆਲਟੀ ਅਤੇ ਵਚਨਬੱਧਤਾ ਵਾਲੀ ਪਹੁੰਚ ਦੀ ਭਰਪੂਰ ਪ੍ਰਸ਼ੰਸਾ ਕੀਤੀ। ਡਾਇਰੈਕਟਰ ਅਕਾਦਮਿਕ ਅਤੇ ਕਾਨਫਰੰਸ ਦੇ ਸਕੱਤਰ ਡਾ: ਅਜੀਤਪਾਲ ਸਿੰਘ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਕਾਨਫਰੰਸ ਦੇ ਥੀਮ ਨੂੰ ਉਜਾਗਰ ਕਰਦਿਆਂ ਉਨ੍ਹਾਂ ਸਾਰਿਆਂ ਲਈ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜੋ ਕੋਵਿਡ -19 ਕਰਕੇ ਆਪਣੀ ਜਾਨ ਗਵਾ ਚੁੱਕੇ ਹਨ। ਉਨ੍ਹਾਂ ਸਿਹਤ ਸੁਰੱਖਿਆ ਲਈ ਅਣਥੱਕ ਸੇਵਾ ਅਤੇ ਕੁਰਬਾਨੀ ਕਰ ਰਹੇ ਕਾਮਿਆਂ ਨੂੰ ਸਲਾਮ ਕੀਤਾ। ਡਾ: ਦਰਸ਼ਪ੍ਰੀਤ ਕੌਰ (ਪਟਨਾ), ਸ੍ਰੀ ਅਮ੍ਰਿਤਵੀਰ ਸਿੰਘ ਦਿ ਟੇਲ (ਚੰਡੀਗੜ੍ਹ), ਡਾ: ਅਨੂ ਬਰਾੜ (ਪੰਜਾਬ), ਡਾ: ਕਨਿਕਾ ਗੁਪਤਾ (ਯੂ ਪੀ), ਡਾ: ਕੁਲਵੀਰ ਸਿੰਘ ਘੁੰਮਣ (ਹਰਿਆਣਾ), ਡਾ ਮਨੀਸ਼ (ਚੰਡੀਗੜ੍ਹ), ਸ੍ਰੀ ਜਸਦੀਪ ਸਿੰਘ ਬਾਜਵਾ ( ਟਵਾ, ਕਨੇਡਾ) ਅਤੇ ਡਾ: ਸੁਮਨ ਬਾਲਾ ਸ਼ਰਮਾ (ਪੰਜਾਬ) ਕਾਨਫਰੰਸ ਦੇ ਮਹਿਮਾਨ ਬੁਲਾਰੇ ਸਨ। ਡਾ। ਸੂਰੀਆਮਣੀ, ਡਾ। ਸੰਦੀਪ ਸਿੰਘ ਸੈਣੀ, ਡਾ। ਲਲਿਤ ਅਰੋੜਾ, ਡਾ। ਆਲੋਕ ਝਾਅ, ਡਾ। ਕਵਿਤਾ ਕੌਸ਼ਲ, ਡਾ। ਰਵਿੰਦਰ ਸ਼ਰਮਾ, ਡਾ। ਮਨਪ੍ਰੀਤ ਕੌਰ, ਡਾ। ਸੁਖਦੀਪ ਕੌਰ ਅਤੇ ਡਾ। ਰੀਨਾ ਅਰੋੜਾ ਵੱਖ-ਵੱਖ ਸੈਸ਼ਨਾਂ ਦੌਰਾਨ ਚੇਅਰਪਰਸਨ ਰਹੇ। ਵੈਲਡਿਕਟਰੀ ਪ੍ਰੋਗਰਾਮ ਵਿਚ ਆਈ। ਏ। ਪੀ। ਮਹਿਲਾ ਸੈੱਲ ਦੇ ਰਾਸ਼ਟਰੀ ਮੁਖੀ ਡਾ। ਰੁਚੀ ਵਰਸ਼ਨੇ ਬਤੌਰ ਮੁੱਖ ਮਹਿਮਾਨ ਅਤੇ ਸਰਦਾਰ ਭਗਵਾਨ ਯੂਨੀਵਰਸਿਟੀ, ਦੇਹਰਾਦੂਨ ਦੇ ਡੀਨ ਡਾ। ਮਨੀਸ਼ ਅਰੋੜਾ ਸਤਿਕਾਰਤ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਪਹਿਲੀ ਇੰਟਰਨੈਸ਼ਨਲ ਔਨਲਾਈਨ ਕਾਨਫਰੰਸ 2021 ਲਈ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਡੈਲੀਗੇਟਾਂ ਨੂੰ ਕਿਹਾ ਕਿ ਹੁਣ ਸਮੇਂ ਦੀ ਲੋੜ ਹੈ ਕਿ ਖਾਸ ਕਰਕੇ ਦੇਸ਼ ਦੇ ਪੇਂਡੂ ਖੇਤਰਾਂ ਵਿੱਚ ਬਤੌਰ ਫਿਜ਼ੀ ਥੈਰੇਪਿਸਟ ਆਪਣਾ ਭਰਵਾਂ ਯੋਗਦਾਨ ਪਾਇਆ ਜਾਵੇ। ਕਾਨਫਰੰਸ ਦੌਰਾਨ ਹੋਏ ਈ-ਪੋਸਟਰ ਪ੍ਰਦਰਸ਼ਨ ਸੈਸ਼ਨਾਂ ਵਿਚ 22 ਡੈਲੀਗੇਟਾਂ ਨੇ ਹਿੱਸਾ ਲਿਆ। ਹਰੇਕ ਸੈਸ਼ਨ ਲਈ ਸਰਵਉਤਮ ਰਹੇ ਤਿੰਨ ਈ-ਪੋਸਟਰਾਂ ਨੂੰ ਅਵਾਰਡਾਂ ਦੇਣ ਦਾ ਐਲਾਨ ਕੀਤਾ ਗਿਆ। ਡਾ। ਡੀ। ਅਨੰਦਨ (ਤਾਮਿਲਨਾਡੂ), ਡਾ। ਕਾਰਤਿਕਯਾਨ (ਕਰਨਾਟਕ), ਡਾ। ਬੀ। ਅਰੁਣ (ਤਾਮਿਲਨਾਡੂ), ਡਾ ਜਰਪਲਾ (ਕਰਨਾਟਕ), ਡਾ। ਜਤਿੰਦਰ ਮੁੰਜਾਲ (ਦਿੱਲੀ), ਪ੍ਰੋ: ਵਰਿੰਦਰ ਮੱਕੜ (ਫਰੀਦਕੋਟ), ਸ਼੍ਰੀਮਤੀ ਰੀਆ ਪਾਂਡੇ (ਗਾਜ਼ੀਆਬਾਦ), ਡਾ: ਰਾਜੇਸ਼ ਕੇ ਸਾਹੂ (ਰਾਜਸਥਾਨ), ਡਾ। ਕੇ। ਅਨੰਤਰਾਜ (ਰਾਜਸਥਾਨ) ਅਤੇ ਡਾ। ਕਲਪਨਾ ਜੁਤਸ਼ੀ (ਨਵੀਂ ਦਿੱਲੀ) ਇਹ ਅਵਾਰਡਾਂ ਦੇ ਜੇਤੂ ਬਣੇ। ਕਾਨਫਰੰਸ ਦੀ ਪ੍ਰਬੰਧਕੀ ਚੇਅਰਪਰਸਨ ਡਾ। ਅਨੂ ਬਰਾੜ ਅਤੇ ਕਾਲਜ ਆਫ਼ ਫਿਜ਼ੀ ਥੈਰੇਪੀ ਦੀ ਪ੍ਰਿੰਸੀਪਲ ਡਾ। ਮਨਪ੍ਰੀਤ ਕੌਰ ਅਤੇ ਹਰਵਿੰਦਰ ਸਿੰਘ ਨੇ ਸਮੁੱਚੇ ਵਿਗਿਆਨਕ ਸੈਸ਼ਨਾਂ ਦੌਰਾਨ ਤਕਨੀਕੀ ਜ਼ਿੰਮੇਵਾਰੀ ਸੰਭਾਲੀ। ਕਾਲਜ ਆਫ਼ ਨਰਸਿੰਗ ਦੀ ਪ੍ਰਿੰਸੀਪਲ ਅੰਜਲੀ ਜੈਂਜਲ ਅਤੇ ਐਡਮਿਸ਼ਨਜ਼ ਐਂਡ ਸਟੂਡੈਂਟ ਵੈੱਲਫੇਅਰ ਏਮਜ਼ ਦੀ ਡੀਨ ਜਸਵੀਰ ਕੌਰ ਕਾਨਫਰੰਸ ਦੇ ਪੂਰੇ ਸੈਸ਼ਨਾਂ ਦੌਰਾਨ ਮੌਜੂਦ ਰਹੇ।

## ਰਾਸ਼ਟਰਪਤੀ ਬਾਇਡਨ ਨੇ ਟੁਲਸਾ ਨਸਲਕੁਸ਼ੀ ਦੇ ਸੌ ਸਾਲ ਪੂਰੇ ਹੋਣ ਦੁਖ ਪ੍ਰਗਟਾਇਆ

ਟੁਲਸਾ-ਰਾਸ਼ਟਰਪਤੀ ਜੋਅ ਬਾਇਡਨ ਨੇ ਟੁਲਸਾ 'ਚ ਸਿਆਹਫਾਮ ਭਾਈਚਾਰੇ ਨੂੰ ਤਾਉਮਰ ਪੀੜ ਦੇਣ ਵਾਲੀ ਨਸਲਕੁਸ਼ੀ ਦੇ ਸੌ ਸਾਲ ਪੂਰੇ ਹੋਣ 'ਤੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ 'ਉਸ ਚੁੱਪ ਨੂੰ ਤੋੜਨ ਆਏ ਹਨ' ਜੋ ਦੇਸ਼ ਵਿੱਚ ਨਸਲੀ ਹਿੰਸਾ ਦੀਆਂ ਬੇਹੱਦ ਦੁਖਦਾਈ ਘਟਨਾਵਾਂ 'ਚੋਂ ਇੱਕ ਬਾਰੇ ਧਾਰ ਕੇ ਰੱਖੀ ਹੋਈ ਹੈ। ਬਾਇਡਨ ਨੇ ਕਿਹਾ, 'ਕੁਝ ਅਨਿਆਂ ਇੰਨੇ ਨਫ਼ਰਤ ਭਰੇ, ਗੰਭੀਰ, ਡਰਾਉਣੇ ਅਤੇ ਭਿਆਨਕ ਹੁੰਦੇ ਹਨ ਕਿ ਉਨ੍ਹਾਂ ਨੂੰ ਦਬਾਇਆ ਨਹੀਂ ਜਾ ਸਕਦਾ, ਚਾਹੇ ਫਿਰ ਲੋਕ ਇਸ ਲਈ ਕਿੰਨੇ ਵੀ ਯਤਨ ਕਿਉਂ ਨਾ ਕਰ ਲੈਣ।' ਉਨ੍ਹਾਂ ਕਿਹਾ, 'ਅਜਿਹੇ ਵਿੱਚ ਸਿਰਫ਼ ਸੱਚ ਹੀ ਮੱਲ੍ਹਮ ਦਾ ਕੰਮ ਕਰ ਸਕਦਾ ਹੈ।' ਬਾਇਡਨ ਨੇ ਗਰੀਨਵੁੱਡ ਐਵੇਨਿਊ 'ਚ ਇਤਿਹਾਸਕ ਵਰਨਨ ਅਫਰੀਕਨ ਇਪਿਸਕੋਪਲ ਚਰਚ ਦੇ ਸਾਹਮਣੇ ਕਰੀਬ ਇੱਕ ਸਦੀ ਪਹਿਲਾਂ ਗੋਰਿਆਂ ਵੱਲੋਂ ਮੌਤ ਦੇ ਘਾਟ ਉਤਾਰੇ ਗਏ ਸੈਂਕੜੇ ਸਿਆਹਫਾਮ ਲੋਕਾਂ ਦੀ ਯਾਦਗਾਰ 'ਤੇ ਸ਼ਰਧਾਂਜਲੀ ਵੀ ਭੇਟ ਕੀਤੀ। ਉਨ੍ਹਾਂ ਨੇ ਗਰੀਨਵੁੱਡ ਸੱਭਿਆਚਾਰਕ ਕੇਂਦਰ ਵਿੱਚ ਇਤਿਹਾਸਕ ਤਸਵੀਰਾਂ ਨੂੰ ਦੇਖਿਆ ਅਤੇ ਨਸ਼ਲਕੁਸ਼ੀ ਦੇ ਤਿੰਨ ਪੀੜਤਾਂ ਨਾਲ ਮੁਲਕਾਤ ਵੀ ਕੀਤੀ। ਰਾਸ਼ਟਰਪਤੀ ਨੇ ਕਿਹਾ, 'ਕਿਉਂਕਿ ਇਤਿਹਾਸ ਇਸ ਬਾਰੇ ਚੁੱਪ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਅਜਿਹਾ ਕੁਝ ਹੋਇਆ ਹੀ ਨਹੀਂ। ਮੈਂ ਇੱਥੇ ਇਸ ਚੁੱਪ ਨੂੰ ਤੋੜਨ ਆਇਆ ਹਾਂ ਕਿਉਂਕਿ ਇਹ ਜ਼ਖ਼ਮ ਨੂੰ ਡੂੰਘਾ ਕਰਦੀ ਹੈ।' ਬਾਇਡਨ ਨੇ ਕਿਹਾ ਕਿ ਹੁਣ ਇਨ੍ਹਾਂ ਦੀ ਪੂਰੀ ਕਹਾਣੀ ਸਾਹਮਣੇ ਆਵੇਗੀ।

## ਕੈਪਟਨ ਸਰਕਾਰ ਵਲੋ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਵੱਡੇ ਅਫਸਰ ਲਗਾਉਣ ਦਾ ਵਿਰੋਧ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਘਰ-ਘਰ ਨੌਕਰੀ ਦਾ ਵਾਅਦਾ ਕਰਕੇ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਤੋਂ ਨਰਾਜ਼ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਮੂਹਰੇ ਧਰਨਾ ਦਿੱਤਾ। ਪ੍ਰਦਰਸ਼ਨਕਾਰੀਆਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲਿਆ। ਇਸ ਮੌਕੇ ਵਿਧਾਇਕ ਮੀਤ ਹੇਅਰ, ਕੁਲਤਾਰ ਸਿੰਘ ਸੰਧਵਾਂ, ਪ੍ਰਿੰਸੀਪਲ ਬੁੱਧ ਰਾਮ, ਅਨਮੋਲ ਗਗਨ ਮਾਨ ਸਣੇ ਹੋਰ ਆਗੂ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਕੈਪਟਨ ਨੇ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਵਿੱਚੋਂ ਇਕ ਵੀ ਪੂਰਾ ਨਹੀਂ ਕੀਤਾ। ਉਹ ਤਾਂ ਕਰੋਨਾ ਮਹਾਮਾਰੀ ਦੌਰਾਨ ਵੀ ਲੋਕਾਂ ਦੀ ਸਾਰ ਲੈਣ ਦੀ ਥਾਂ ਆਪਣੀ ਕੁਰਸੀ ਬਚਾਉਣ ਵਿੱਚ ਲੱਗੇ ਹੋਏ ਹਨ।

## ਬੇਅਦਬੀ ਦੇ ਮਾਮਲੇ 'ਚ ਘਿਰੇ ਡੇਰਾ ਪ੍ਰੇਮੀਆਂ ਨੂੰ ਮਾਰਨ ਦੀ ਸਾਜਿਸ਼ ਕੈਨੇਡਾ ਵਿਚ ਸੀ ਘੜੀ

ਫ਼ਰੀਦਕੋਟ-ਮੋਗਾ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਗਏ ਕੇਟੀਐੱਫ ਦੇ ਮੈਂਬਰ ਕਮਲਜੀਤ ਸਿੰਘ ਅਤੇ ਲਵਪ੍ਰੀਤ ਸਿੰਘ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਬੇਅਦਬੀ ਮਾਮਲੇ 'ਚ ਘਿਰੇ ਡੇਰਾ ਪ੍ਰੇਮੀਆਂ ਨੂੰ ਖਾਲਿਸਤਾਨ ਟਾਈਗਰ ਫੋਰਸ ਦੇ ਕਾਰਕੁੰਨ ਮਾਰਨਾ ਚਾਹੁੰਦੇ ਸਨ ਅਤੇ ਇਸ ਸਬੰਧੀ ਸਾਜਿਸ਼ ਵੀ ਘੜੀ ਗਈ ਸੀ। ਮੋਗਾ ਪੁਲੀਸ ਹੁਣ ਤੱਕ ਕੇਟੀਐੱਫ ਦੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਸੂਚਨਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਅਤੇ ਉਸ ਦੇ ਅੰਗ ਗਲੀਆਂ 'ਚ ਖਿਲਾਰ ਕੇ ਬੇਅਦਬੀ ਕਰਨ ਦੇ ਦੋਸ਼ਾਂ ਵਿੱਚ ਘਿਰੇ ਡੇਰਾ ਪ੍ਰੇਮੀਆਂ ਨੂੰ ਮਾਰਨ ਦੀ ਸਾਜਿਸ਼ ਘੜਨ ਵਿੱਚ ਕੈਨੇਡਾ ਰਹਿੰਦੇ ਕੇਟੀਐੱਫ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਅਹਿਮ ਭੂਮਿਕਾ ਹੈ। ਜਾਣਕਾਰੀ ਅਨੁਸਾਰ ਹਰਦੀਪ ਸਿੰਘ ਨਿੱਝਰ ਵੱਲੋਂ ਹੀ ਲਵਪ੍ਰੀਤ ਸਿੰਘ ਅਤੇ ਕਮਲਪ੍ਰੀਤ ਸਿੰਘ ਨੂੰ ਡੇਰਾ ਪ੍ਰੇਮੀਆਂ ਦੇ ਕਤਲ ਲਈ ਫੰਡ ਮੁਹੱਈਆ ਕਰਵਾਏ ਗਏ ਸਨ। ਖਾਲਿਸਤਾਨ ਟਾਈਗਰ ਫੋਰਸ ਦੇ ਮੈਂਬਰ ਇਸ ਵੇਲੇ ਮੋਗਾ ਪੁਲੀਸ ਦੇ ਕਬਜ਼ੇ ਵਿੱਚ ਹਨ ਅਤੇ ਪੁਲੀਸ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕਰ ਰਹੀ ਹੈ। ਡੇਰਾ ਪ੍ਰੇਮੀਆਂ ਨੂੰ ਜਾਨੋਂ ਮਾਰਨ ਦੀਆਂ ਸਜ਼ਿਸ਼ਾਂ ਰਚਣ ਦੀ ਸੂਚਨਾ ਫ਼ਰੀਦਕੋਟ ਪੁਲੀਸ ਨੂੰ ਵੀ ਸੀ। ਇਸੇ ਕਰ ਕੇ ਫ਼ਰੀਦਕੋਟ ਪੁਲੀਸ ਨੇ ਅੱਠ ਡੇਰਾ ਪ੍ਰੇਮੀਆਂ ਲਈ 25 ਪੁਲੀਸ ਕਰਮਚਾਰੀ ਤਾਇਨਾਤ ਕੀਤੇ ਹੋਏ ਸਨ। ਹੁਣ 16 ਮਈ ਤੋਂ ਇਹ ਡੇਰਾ ਪ੍ਰੇਮੀ ਹਿਰਾਸਤ ਵਿੱਚ ਹਨ। ਬੇਅਦਬੀ 'ਚ ਘਿਰੇ ਹੋਏ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦਾ ਕੁਝ ਸਮਾਂ ਪਹਿਲਾਂ ਜੇਲ੍ਹ ਵਿੱਚ ਹੀ ਕਤਲ ਹੋ ਗਿਆ ਸੀ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸਨਿਚਰਵਾਰ, 5 ਜੂਨ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

# ਐਬਟਸਫੋਰਡ 'ਚ ਬੈਂਕ ਲੁੱਟਣ ਆਏ ਕਥਿਤ ਲੁਟੇਰੇ ਨੂੰ ਗਾਹਕਾਂ ਨੇ ਕੀਤਾ ਕਾਬੂ



ਸਰੀ (ਹਰਦਮ ਮਾਨ, ਸੰਦੀਪ ਸਿੰਘ ਧੰਜੂ)-ਐਬਟਸਫੋਰਡ ਵਿਖੇ ਕਥਿਤ ਤੌਰ ਤੇ ਬੈਂਕ ਲੁੱਟਣ ਆਏ ਇਕ ਹਥਿਆਰਬੰਦ ਬੰਦੇ ਦੀ ਯੋਜਨਾ ਉਸ ਵੇਲੇ ਧਰੀ ਧਰਾਈ ਰਹਿ ਗਈ ਜਦੋਂ ਬੈਂਕ ਵਿਚ ਮੌਜੂਦ ਚਾਰ ਗਾਹਕਾਂ ਨੇ ਹੌਂਸਲਾ ਕਰਦਿਆਂ ਉਸ ਨੂੰ ਕਾਬੂ ਕਰ ਕੇ ਗੋਡਿਆਂ ਹੇਠ ਦੇ ਲਿਆ। ਇਹ ਘਟਨਾ ਸਵੇਰੇ 11:30 ਵਜੇ ਗਲਾਡਵਿਨ ਰੋਡ ਅਤੇ ਸਾਊਥ ਫਰੇਜ਼ਰ ਵੇਅ ਤੇ ਸਥਿਤ ਸਕੋਸ਼ੀਆ ਬੈਂਕ ਵਿਚ ਵਾਪਰੀ। ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਇਕ ਸ਼ੱਕੀ ਵਿਅਕਤੀ ਸ਼ਾਟਗਨ ਲੈ ਕੇ ਬੈਂਕ ਵਿਚ ਆਇਆ ਅਤੇ ਬੈਂਕ ਵਿਚ ਖੜ੍ਹੇ ਸਾਰੇ ਗਾਹਕਾਂ ਨੂੰ ਹੁਕਮ ਦਿੱਤਾ ਕਿ ਜ਼ਮੀਨ 'ਤੇ ਲਿਟ ਜਾ?। ਫਿਰ ਉਸ ਨੇ ਕਾਊਂਟਰ ਤੇ ਬੈਗ ਆਪਣਾ ਬੈਗ ਰੱਖਿਆ ਅਤੇ ਕੈਸ਼ੀਅਰ ਤੋਂ ਕੈਸ਼ ਦੀ ਮੰਗ ਕੀਤੀ। ਇੱਕ ਗਾਹਕ ਨੇ ਹਿੰਮਤ ਕਰਕੇ ਉਸ ਦਾ ਸਾਹਮਣਾ ਕੀਤਾ ਅਤੇ ਫੇਰ ਤਿੰਨ ਹੋਰ ਗਾਹਕ ਵੀ ਉਸ ਨਾਲ ਆ ਰਲੇ। ਉਨ੍ਹਾਂ ਚਾਰਾਂ ਨੇ ਕਥਿਤ ਲੁਟੇਰੇ ਨੂੰ ਥੱਲੇ ਸੁੱਟ ਲਿਆ ਅਤੇ ਪੁਲਿਸ ਦੇ ਆਉਣ ਤੱਕ ਉਸ ਨੂੰ ਕਾਬੂ ਕਰੀ ਰੱਖਿਆ। ਚਾਰ ਕੁ ਮਿੰਟਾਂ ਵਿਚ ਪੁਲਿਸ ਆ ਗਈ ਅਤੇ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਸਾਰਜੰਟ ਜੂਡੀ ਬਰਡ ਅਨੁਸਾਰ ਵਾਰਦਾਤ ਦੌਰਾਨ ਕਿਸੇ ਦੇ ਵੀ ਕੋਈ ਸੱਟ ਨਹੀਂ ਲੱਗੀ ਅਤੇ ਇੱਕ 46 ਸਾਲਾ ਵਿਅਕਤੀ ਲੁੱਟ ਅਤੇ ਹਥਿਆਰਾਂ ਨਾਲ ਜੁੜੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਪੁਲਿਸ ਅਫਸਰ ਨੇ ਸਮਰਥਨ ਲਈ ਆਏ ਚਾਰਾਂ ਬੰਦਿਆਂ ਦਾ ਧੰਨਵਾਦ ਕੀਤਾ ਅਤੇ ਦੂਜਿਆਂ ਦੀ ਰੱਖਿਆ ਕਰਨ ਲਈ ਅੱਗੇ ਆਏ ਚਾਰਾਂ ਗਾਹਕਾਂ ਦੀ ਬਹਾਦਰੀ 'ਤੇ ਹੈਰਾਨੀ ਵੀ ਜ਼ਾਹਰ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਇਹ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਥਿਤੀਆਂ ਖਤਰਨਾਕ ਹੋ ਸਕਦੀਆਂ ਹਨ, ਖ਼ਾਸ ਕਰ ਕੇ ਜਦੋਂ ਕੋਈ ਬੰਦਾ ਹਥਿਆਰਬੰਦ ਹੋਵੇ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

## #308 5419 201A ST



**$499,888**

Welcome to Vista Gardens, a well-maintained building located in a central location of langley with walking distance to Linwood Park and Downtown Langley. This top-floor unit is one of the best layouts in the building with two generous size bedrooms and two bathrooms. There is storage inside your own laundry room and two separate storage lockers, one beside the unit and one underground. One Secure parking underground and tons of parking out in front of the building. The building has a new roof, the levy has been paid for the cladding work that will happen in the next year. The strata fee includes a gas fireplace and Hot water. Call now to book your private showing.

## 14317 31A AVENUE



**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

## 1426 KENT


**$1,599,000**

Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

## 9858 HUCKLEBERRY DRIVE



Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555


www.sunnysangha.com | info@sunnysangha.com



Top 1% of All Fraser Valley Realtors® 2020
based on FVREB Medallion Statistics

GRAND CENTURIAN PRODUCER

**ANKUR KAUSHAL**
PERSONAL REAL ESTATE CORPORATION
**604-897-0006**
E MAIL ANKUR KAUSHAL@CENTURY21 CA

CENTURY 21 Coastal Realty Ltd.

**SAMEER KAUSHAL**
PERSONAL REAL ESTATE CORPORATION, B.Sc., MBA
**604-897-9575**
E MAIL SAMKAUSHAL@GMAIL COM



## 6282, 129St




Luxurious home in Panorama Park Estates featuring a 3 level custom-built 7017 SF. home on a large 10,086 sq. ft. lot. Located in one of Surrey's best and most sought-after neighbourhoods. Home is near parks, a short walk to Panorama Park Elementary and situated close to all amenities, stores & restaurants. This is an entertainer's dream home, grand architecture design and glamorous decorating w/ lavish luxurious spaces for gatherings. Upper floor boasts spacious 4 bedrooms including a large master. Main floor also hosts a master bedroom. Below features a grand stair hallway, high ceilings & 2+2 Bed Suites. Main offers large kitchen w/ open dining rm, eating area and large family room with private deck. Professionally landscaped & oversized triple garage. Absolute must see A++

## 6284 132a Street




Custom built 3 storey home in Panorama area. High ceiling in main entrance, good-sized living and dining areas. Kitchen has maple kitchen cabinets and houses a spice kitchen. Home has four bedrooms upstairs, including two masters. Three baths up, one on main and two below. There are two suites (2+1) to help out with the mortgage or extra spending money. Close to both levels of school. Very central location. Easy access to main travel arteries. Do not drive by, call and come look inside.

## 10320-140St




Centrally located home in prime area. Walking distance to everything. The home features three bedrooms on the main floor and a one-bedroom suite in the basement. Home is located blocks from central Whalley which features shopping, restaurants, recreation, etc. Located steps from transit route and in Guildford Park Secondary and Lena Shaw Elementary catchment area. Close to Green Timbers Urban Forest with 452 acres of wetlands, a lake, meadows and nature trails.

## 12466 99 Avenue




Luxury Home with high end finishing featuring 9 bedrooms and 8 bathrooms situated on a 7200 Sqft Lot in Cedar Hills with soaring high ceilings throughout! The main entrance greets you with a grand open to below foyer and large living room with 12 foot ceilings. There is also a den and huge master bedroom with ensuite and walk in closet. Beautiful kitchen with bonus spice kitchen. Good sized family room and loads of windows to soak in that natural light. Upstairs features 4 master bedrooms all with their private washrooms and walk in closets. In the basement you have a huge theatre room for entertaining along with a rec room and gym. There is also 2 Basement Suites (2+2) of 2 bedrooms each- great mortgage helpers. Plenty of parking with double garage and large driveway.

## 12567 66 Avenue




WEST NEWTON BEAUTY! This grand, gorgeous 8 bedroom 6 bath home offers outstanding quality, location, class, comfort and style. The kitchen is loaded with warmth and function from the granite counter tops to the solid wood cabinets, tiled flooring and stainless appliances and bonus spice kitchen! Relax in from of the fire in the adjacent family room. The main floor has a full washroom and bedroom. Upstairs is a Master Bedroom fit for royalty leading onto the massive en-suite and walk in closet. There is also a HUGE covered sundeck to enjoy those summer sunsets! 3 other great size rooms with 2 washrooms. There is also a 2 bedroom suite with an option to make it a 3 bedroom 2 full washroom suite- great mortgage helpers! It is truly a home to be proud of and so much more.

## 21650 49A AVENUE




Stunning West Coast-inspired home in desirable Murrayville Langley! 6,336 sq.ft. of open concept living, and a beautifully landscaped 10,358 SF lot. This 7 bed/8 bath home includes three master suites, one on the main floor. The main living space is bright and open with 10' ceilings and an entertainer's dream kitchen with a separate spice kitchen. 1 bed/1 bath suite, the perfect mortgage helper with a rough in for another 1 bed suite with separate entrance. Additional luxuries include a home theatre, AC, in-floor radiant heat, HRV, on-demand hot water, three electric fireplaces, and patio with BBQ hookup. Located on a dead-end street with no through traffic, only minutes to shopping, transit, and schools. Book your private viewing today!

## 267 198 Street, Langley




West exposure rear yard, half-acre building site! Build your dream home in this beautiful area. High Point is an exclusive community developed near Campbell Valley Park in South Langley. Campbell Valley Park is located on 285 acres with 85 acres of parkland, 9 km of trails, a spring-fed lake, forest & beautiful views. Conveniently located near schools, golf & shopping with easy access to major routes and USA border. Build your dream home & enjoy the wonderful equestrian facilities. With its private equine facility, you have the best for both you and your horses or just a lovely setting to walk and enjoy.

## 5981 184 Street




BUILDING LOT FOR SALE IN CLOVERDALE! Attention BUILDERS!! This is your chance to build on this 6700 Square Feet Rectangular lot! Build up to 5250 Square Feet Covered area! Great location right across Gurdwara with easy access to highway 10. This lot allows for a 3 storey home with double garage in the back. Preliminary plans made to give you an idea of what kind of home can be made. Main floor can have Living, Den, Bedroom with Ensuite, Family room, Kitchen+Spice kitchen. Loads of windows to soak in that natural light. Upstairs can have 4 bedrooms with 3 full bath (2 Masters and 1 Jack&Jill) + Laundry. In the basement you can have a 2 bedroom legal suite with potential for another 2 bedroom - great mortgage helpers + theatre room for personal enjoyment. Don't miss your chance on this one!

## 19072-90Ave, Surrey




Private 19,471 sq. ft. acre paradise in the heart of Port Kells with 150' frontage in an area of estate homes. Build your dream home on this treed lot or continue to rent to tenants. Den is a 3rd bedroom. Home has hardwood floors, double windows & a 10'x12' rear deck. The 24'x22' detached double garage has 220 amp power & the lot has plenty of room for extra parking. Great value! Easy commute to anywhere. Just minutes to Highway 1, 15 or 17, Fraser Highway or Golden Ears & Port Mann Bridges. Rented to Good Tenants at $1800 plus utilities on a month-to-month basis. Possibility to build 3 Level Home.

## 9895-128A St




CEDAR HILLS RANCHER! Attention Builders/Investors/First Time Buyers! This beautiful rancher is perfect as a starter home, rental property or to tear down and build your dream home. Lot is rectangular and is 7,120 sq. ft. in a nice, quiet neighbourhood of Cedar Hills. The 2,080 sq. ft. home features six bedrooms. The basement is fully finished with a three-bedroom mortgage helper suite with a separate entrance - Rent now and build later! Huge private backyard for activities/bbq's/parties. Good size rooms, deck and garden area. Located in L.A. Matheson Secondary and AHP Matthew Elementary catchment areas.

## 12788 67Ave




YOUR SEARCH ENDS HERE! This is a beautiful 3 storey home in the Heart of West Newton with 2 suites! * (2+1) * - great mortgage helpers plus an additional recreation room in the basement that is the perfect man-cave with a 2 piece washroom. This home features high ceilings, open layout and a huge family room, and two cozy fireplaces. Main floor has a bedroom plus a den/office- Best of both worlds. Main floor also has a full washroom and spice kitchen. Huge family room and covered deck to enjoy those summer bbq's and fully fenced backyard for the kids. Upstairs has 4 great sized bedrooms and 3 full washrooms! This home has it all! Very spacious and bright with oversized windows to enjoy that natural light. Plenty of parking in the back lane with a huge detached double garage. Don't miss out

## 13516 62a Avenue




JUST LIKE NEW 3 level home (6 bedrooms + Den and 6 baths) (3636 sqft including garage) in popular Panorama Ridge area, walk to school, shopping and all amenities. Main floor features bright living room, designer kitchen with SS appliances, spice kitchen, family room, sundeck off the family room, a Den and a powder room. Upper floor has 4 bedrooms and 3 full baths including 2 masters with full en-suites and Jack & Jill rooms with a shared full bath. Basement has a big Media room and a powder room plus a spacious 2 bedroom legal suite with its own laundry. Big 18'6 x 22' (420 sqft) double garage. Heat pump with cool air in summer and hot in winter. Book your showing now!

## #204 10308 155A St. $729,900




Location! Location! Welcome to Paddington Gate in a convenient neighbourhood of Guildford. The complex has 22 well-maintained homes that are professionally managed. This is a prime location near Guildford Mall, Landmark Cinemas, Walmart, Library & rec center and the upcoming Guildford Village complete with Save-On-Foods & Town Center. The property is south-facing with the sun streaming into all three bedrooms. he unit of 3 Bedroom and Den, Beautiful loft can be used as office or 4th bedroom, The unit is fully updated including a new kitchen w/ pantry, appliances, flooring including carpets & wooden blinds,,new water proof vinyl flooring. Radiant floor heat. New Energy Saving Furnace. Well-appointed washroom & chandelier. There is a clear front and nice backyard view. New tankless instant water plumbing system. Major routes including Hwy. 1 (east & west exits) are close by and transit is w/in walking distance. Close to both levels of school.

## 3909 13495 Central Ave




The Residences, Surrey's Flagship Residence at 3 Civic Plaza Development. This 39th FLOOR, 1232 sq.ft. unit has 2 bedrooms and a den. The property features 2 baths and high-end finishing. Large 102 square foot balcony with unobstructed views. Steps to Skytrain, Central City Mall, SFU, KPU, Civic Plaza, City Hall & Hotel, coffee shops & library & planned LRT system. TWO PARKING stalls and locker included. This premium condo has an open concept layout with floor-to-ceiling windows, exercise centre, elevator and in-suite laundry. You won't find a better location close to this many amenities. Prada Cafe and Dominion Bar & Kitchen are on site. No GST. Rentals are allowed.

## 8816 140 Street




Attention first time home buyers and investors! Central location! This home features 5 bedrooms 3 baths with a 2 bedroom mortgage helper! This 2 storey home has an unauthorized 2 bedroom suite with 3 bedrooms up with 2 baths. Situated on a 6017 Sqft Rectangular lot with lane access! The home is kept very clean and is very central to everything such as Bear Creek Park, Shopping, Schools and easy access to highways.

**For units in York Centre (80 & 128 St), Please Call 604-897-9575 or 604-897-0006**

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

## TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

## Call: +1-604-857-4777 / 778-344-1964
## Email: team@rightlink.ca

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community


HUGHES & COMPANY LAW CORPORATION
Hughes & Company Law Corporation
Website Directions Save
4.9 ★★★★★ 62 Google reviews
Conveyancer in Vancouver, British Columbia
Address: 777 W Broadway #505, Vancouver, BC V5Z 1J5
Hours: Closed · Opens 9 a.m. Tue.
Phone: (604) 602-1828
Appointments: hughesco.com
Province: British Columbia

★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***


ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿਚ ਕੰਮ ਕਰਨ ਲਈ
ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿਚ ਚੱਲ ਰਿਹਾ ਹੈ।
* ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
* ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ
* ਕਲਾਸ 4 ਦੇ ਡਰਾਈਵਰ ਦੀ ਲੋੜ ਹੈ।
* ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ
604-594-0616

# ਲੋਕ ਕੁਝ ਤਾਂ ਕਹਿਣਗੇ ਹੀ-ਕ੍ਰਿਤੀ ਖਰਬੰਦਾ



ਦੱਖਣ ਦੀਆਂ ਫਿਲਮਾਂ ਨਾਲ ਸ਼ੁਰੂਆਤ ਕਰਨ ਪਿੱਛੋਂ ਬਾਲੀਵੁੱਡ 'ਚ ਵੀ ਆਪਣੀ ਧਾਕ ਜਮਾ ਚੁੱਕੀ ਖੂਬਸੂਰਤ ਕ੍ਰਿਤੀ ਖਰਬੰਦਾ ਅੱਜ ਤੱਕ 'ਰਾਜ਼ ਰੀਬੂਟ', 'ਗੈਸਟ ਇਨ ਲੰਡਨ', 'ਸ਼ਾਦੀ ਮੇਂ ਜ਼ਰੂਰ ਆਨਾ', 'ਵੀਰੇ ਦੀ ਵੈਡਿੰਗ', 'ਯਮਲਾ ਪਗਲਾ ਦੀਵਾਨਾ ਫਿਰ ਸੇ' ਵਰਗੀਆਂ ਫਿਲਮਾਂ 'ਚ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਣ 'ਚ ਖੂਬ ਸਫਲ ਰਹੀ ਹੈ। ਅੱਗੇ ਵੀ ਉਸ ਦੀ ਝੋਲੀ 'ਹਾਊਸਫੁੱਲ 4', 'ਪਾਗਲਪੰਤੀ', 'ਚਿਹਰੇ' ਅਤੇ 'ਤੈਸ਼' ਵਰਗੀਆਂ ਕੁਝ ਚੰਗੀਆਂ ਫਿਲਮਾਂ ਨਾਲ ਭਰੀ ਹੈ। ਪੇਸ਼ ਹਨ ਉਸ ਨਾਲ ਹੋਈ ਇੱਕ ਗੱਲਬਾਤ ਦੇ ਕੁਝ ਅੰਸ਼–

- **ਤੁਸੀਂ ਕਈ ਫਿਲਮਾਂ ਨੂੰ ਬੋਲਡ ਸ਼ੀਨਜ਼ ਕਾਰਨ ਮਨ੍ਹਾ ਕੀਤਾ ਹੈ। ਅੱਗੋਂ ਕੀ ਇਸ ਬਾਰੇ ਤੁਹਾਡੇ ਵਿਚਾਰ ਬਦਲੇ ਹਨ?**

– ਫਿਲਮਾਂ 'ਚ ਮੈਂ ਇੰਟੀਮੇਟ ਸੀਨਜ਼ ਨਹੀਂ ਕਰ ਸਕਦੀ। ਮੈਂ ਕਈ ਫਿਲਮਾਂ ਨੂੰ ਇਸ ਲਈ ਮਨ੍ਹਾ ਕੀਤਾ ਕਿ ਉਨ੍ਹਾਂ ਵਿੱਚ ਬਿਕਨੀ ਪਹਿਨਣੀ ਸੀ। ਮੈਂ ਅਜਿਹੇ ਸੀਨਜ਼ ਵਿੱਚ ਕਨਫਰਟੇਬਲ ਨਹੀਂ ਹਾਂ।

- **ਇਸ ਸਮੇਂ ਤੁਹਾਡੀ ਝੋਲੀ ਬਾਲੀਵੁੱਡ ਦੀਆਂ ਚੰਗੀਆਂ ਫਿਲਮਾਂ ਨਾਲ ਭਰੀ ਹੈ। ਆਪਣੀਆਂ ਆਉਣ ਵਾਲੀਆਂ ਫਿਲਮਾਂ ਬਾਰੇ ਕੁਝ ਦੱਸੋ।**

– ਮੇਰੀ ਅਗਲੀ ਫਿਲਮ ਹੋਵੇਗੀ ਅਨੀਸ ਬਜ਼ਮੀ ਦੀ 'ਪਾਗਲਪੰਤੀ'। ਇਸ ਵਿੱਚ ਮੇਰੇ ਨਾਲ ਜਾਨ ਅਬਰਾਹਮ, ਅਨਿਲ ਕਪੂਰ, ਇਲਿਆਨਾ ਡਿਕਰੂਜ਼, ਅਰਸ਼ਦ ਵਾਰਸੀ, ਪੁਲਕਿਤ ਸਮਰਾਟ, ਉਰਵਸ਼ੀ



ਰੌਤੇਲਾ, ਸੌਰਭ ਸ਼ੁਕਲਾ ਅਹਿਮ ਭੂਮਿਕਾ 'ਚ ਹਨ। ਇਹ ਜ਼ਬਰਦਸਤ ਕਾਮੇਡੀ ਹੈ। ਇਸ ਤੋਂ ਇਲਾਵਾ ਫਰਹਾਦ ਸਾਮਜੀ ਦੀ ਫਿਲਮ 'ਹਾਊਸਫੁੱਲ 4' ਵਿੱਚ ਸੋਨੀਆ ਕਪੂਰ ਦਾ ਰੋਲ ਕਰ ਰਹੀ ਹਾਂ, ਜੋ ਹਾਰਰ ਕਾਮੇਡੀ ਹੈ। ਉਂਝ ਮੇਰੀਆਂ ਹੋਰ ਦੋ ਫਿਲਮਾਂ ਵਿੱਚ 'ਚਿਹਰੇ' ਅਤੇ 'ਤੈਸ਼' ਸ਼ਾਮਲ ਹਨ। ਇਸ ਤੋਂ ਇਲਾਵਾ ਮੈਂ ਤਮਿਲ ਦੀ ਇੱਕ ਫਿਲਮ 'ਵਾਨ' ਵੀ ਸਾਈਨ ਕੀਤੀ ਹੈ।

- **'ਚਿਹਰੇ' ਵਿੱਚ ਤੁਸੀਂ ਪਹਿਲੀ ਵਾਰ ਅਮਿਤਾਭ ਬੱਚਨ ਨਾਲ ਨਜ਼ਰ ਆਓਗੇ। ਕਿਹੋ ਜਿਹਾ ਮਹਿਸੂਸ ਹੋ ਰਿਹਾ ਹੈ?**

– ਮੈਂ ਬਹੁਤ ਖੁਸ਼ ਹਾਂ। ਫਿਲਮ ਦੀ ਪੂਰੀ ਕਾਸਟ ਹੀ ਬਹੁਤ ਟੈਲੇਂਟਿਡ ਹੈ ਅਤੇ ਉਨ੍ਹਾਂ ਸਾਰਿਆਂ ਨਾਲ ਕੰਮ ਕਰ ਕੇ ਖੁਦ ਨੂੰ ਬੜਾ ਸਨਮਾਨਤ ਮਹਿਸੂਸ ਕਰ ਰਹੀ ਹਾਂ। ਇਹ ਫਿਲਮ ਮੇਰੇ ਲਈ ਬਹੁਤ ਸਪੈਸ਼ਲ ਹੈ। ਸਦੀ ਦੇ ਮਹਾਨਾਇਕ ਅਮਿਤਾਭ ਬੱਚਨ ਕਾਰਨ ਇਹ ਫਿਲਮ ਮੇਰੇ ਲਈ ਹੋਰ ਵੀ ਸਪੈਸ਼ਲ ਹੋ ਗਈ ਹੈ।

- **ਫਿਲਮ 'ਤੈਸ਼' ਵਿੱਚ ਤੁਹਾਡੀ ਕਿਹੋ ਜਿਹੀ ਭੂਮਿਕਾ ਹੈ?**

– ਅਜੇ ਇਸ ਫਿਲਮ 'ਚ ਆਪਣੇ ਰੋਲ ਬਾਰੇ ਖਾਸ ਖੁਲਾਸਾ ਤਾਂ ਨਹੀਂ ਕਰ ਸਕਦੀ, ਪਰ ਇੰਨਾ ਦੱਸ ਸਕਦੀ ਹਾਂ ਕਿ ਇਹ ਬਿਓਜ਼ ਨਾਂਬੀਆਰ ਦੀ ਫਿਲਮ ਹੈ, ਜੋ ਇੱਕ 'ਰਿਵੈਂਜ ਡਰਾਮਾ', ਮਤਲਬ ਬਦਲਾ ਲੈਣ ਦੀ ਕਹਾਣੀ ਹੈ। ਇਸ ਵਿੱਚ ਮੇਰੇ ਨਾਲ ਪੁਲਕਿਤ ਸਮਰਾਟ ਅਤੇ ਨੇਹਾ ਸ਼ਰਮਾ ਵੀ ਹਨ।

- **ਤੁਸੀਂ ਪਹਿਲਾਂ ਵੀ ਪੁਲਕਿਤ ਸਮਰਾਟ ਨਾਲ ਫਿਲਮ ਕੀਤੀ ਹੈ ਅਤੇ ਅੱਗੋਂ 'ਪਾਗਲਪੰਤੀ' ਤੋਂ ਇਲਾਵਾ 'ਤੈਸ਼' ਵਿੱਚ ਵੀ ਤੁਸੀਂ ਦੋਵੇਂ ਹੋ। ਕੁਝ ਸਮੇਂ ਤੋਂ ਤੁਹਾਡੇ ਦੋਵਾਂ ਦੇ ਰਿਲੇਸ਼ਨਸ਼ਿਪ 'ਚ ਹੋਣ ਦੀ ਵੀ ਚਰਚਾ ਹੋ ਰਹੀ ਹੈ। ਕੀ ਕਹੋਗੇ?**

– ਦੇਖੋ, ਲੋਕ ਤੁਹਾਨੂੰ ਕੁਝ ਥਾਵਾਂ 'ਤੇ ਦੇਖਣ ਤੋਂ ਬਾਅਦ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਬਣਾਉਣ ਲੱਗਦੇ ਹਨ। ਅਸੀਂ ਇੰਨੀਆਂ ਫਿਲਮਾਂ ਵਿੱਚ ਕੰਮ ਕਰ ਰਹੇ ਹਾਂ ਤਾਂ ਸਾਨੂੰ ਇੱਕ ਦੂਜੇ ਨਾਲ ਮਿਲਣਾ ਤਾਂ ਪਵੇਗਾ ਹੀ। ਅਜਿਹੀ ਹਾਲਤ ਵਿੱਚ ਕੁਝ ਤਾਂ ਲੋਕ ਕਹਿਣਗੇ ਹੀ, ਮੈਨੂੰ ਅਫਵਾਹਾਂ ਨਾਲ ਫਰਕ ਨਹੀਂ ਪੈਂਦਾ। ਮੈਂ ਅਜੇ ਫਿਲਮੀ ਦੁਨੀਆ ਦੀਆਂ ਉਚਾਈਆਂ ਨੂੰ ਛੂਹਣਾ ਹੈ ਅਤੇ ਮੈਂ ਕੰਮ ਨੂੰ ਜ਼ਿਆਦਾ ਅਹਿਮੀਅਤ ਦੇਣ ਲੱਗੀ ਹਾਂ। ਮੈਂ ਆਪਣੀ ਜ਼ਿੰਦਗੀ 'ਤੇ ਉਨ੍ਹਾਂ ਦੇ ਕਾਰਨ ਬ੍ਰੇਕ ਨਹੀਂ ਲਾ ਸਕਦੀ।

- **...ਤਾਂ ਤੁਸੀਂ ਕਿਸ ਤਰ੍ਹਾਂ ਦਾ ਜੀਵਨਸਾਥੀ ਚਾਹੁੰਦੇ ਹੋ?**

– ਕੋਈ ਅਜਿਹਾ, ਜੋ ਮੈਨੂੰ ਸਮਝ ਸਕੇ। ਉਹ ਮੈਨੂੰ ਜਾਣੇ ਤੇ ਮੇਰੇ ਬਾਰੇ ਸਮੇਂ-ਸਮੇਂ 'ਤੇ ਜਾਣਕਾਰੀ ਵੀ ਰੱਖੇ, ਪਰ ਜੇ ਮੈਨੂੰ ਸ਼ਾਂਤੀ ਪਸੰਦ ਹੈ ਤਾਂ ਕੁਝ ਸਮਾਂ ਮੈਨੂੰ ਇਕਾਂਤ ਵਿੱਚ ਰਹਿਣ ਦੇਵੇ ਕਿਉਂਕਿ ਮੈਨੂੰ ਇਕੱਲੇ ਰਹਿਣਾ ਪਸੰਦ ਹੈ।

SPRING SAVING OFFERS!

Save with Family



Sign up with a minimum of 4 lines or more.
Keep your existing number or get a new one.

30 GB for $65 /line monthly

Unlimited Canada wide Calling
Unlimited Texting
Unlimited Picture & Video messaging
Call Display, Voicemail
Call Waiting, Conference Calling

We offer Canada/US Plans

Limited time offer. Terms and conditions apply. Call for more information.

Enjoy our TELUS Optik TV & Fibre Services

Gigabyte Internet +
Essentials TV +
any 3 Theme Packs +

$143 /month



Ask about our special promotional offers for smart home security

TELUS
authorized dealer

Open Connection
At NEWTON VILLAGE

Call PRAB THIARA for more information:
604-866-2458
#108 - 7380 King George Blvd, Surrey

# ਉਲੰਪੀਅਨ ਪਹਿਲਵਾਨ ਸੁਸ਼ੀਲ ਕੁਮਾਰ ਨੂੰ ਜੇਲ ਭੇਜਿਆ

ਨਵੀਂ ਦਿੱਲੀ-ਇੱਥੋਂ ਦੀ ਇੱਕ ਅਦਾਲਤ ਨੇ ਛੱਤਰਸਾਲ ਸਟੇਡੀਅਮ ਵਿੱਚ ਨੌਜਵਾਨ ਪਹਿਲਵਾਨ ਦੇ ਕਤਲ ਮਾਮਲੇ ਵਿੱਚ ਓਲੰਪੀਅਨ ਸੁਸ਼ੀਲ ਕੁਮਾਰ ਨੂੰ ਅੱਜ 9 ਦਿਨ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਦਿੱਲੀ ਪੁਲੀਸ ਉਸ ਦਾ ਤਿੰਨ ਦਿਨ ਦਾ ਹੋਰ ਰਿਮਾਂਡ ਮੰਗ ਰਹੀ ਸੀ। ਚਾਰ ਦਿਨ ਦਾ ਪੁਲੀਸ ਰਿਮਾਂਡ ਖ਼ਤਮ ਹੋਣ ਮਗਰੋਂ ਸੁਸ਼ੀਲ ਕੁਮਾਰ ਨੂੰ ਮੈਟਰੋਪੌਲੀਟਨ ਮੈਜਿਸਟ੍ਰੇਟ ਰਸ਼ਮੀ ਗੁਪਤਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪਹਿਲਵਾਨ ਸੁਸ਼ੀਲ ਕੁਮਾਰ 'ਤੇ ਕਤਲ, ਇਰਾਦਨ ਕਤਲ ਅਤੇ ਅਗਵਾ ਕਰਨ ਦੇ ਦੋਸ਼ ਹਨ। ਗ੍ਰਿਫ਼ਤਾਰੀ ਮਗਰੋਂ ਅਦਾਲਤ ਨੇ ਉਸ ਨੂੰ ਛੇ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਸੀ, ਜਿਸ ਵਿੱਚ ਚਾਰ ਦਿਨ ਦਾ ਹੋਰ ਵਾਧਾ ਕੀਤਾ ਗਿਆ।

# ਕਰੋਨਾ ਕਾਰਣ ਅਨਾਥ ਬੱਚਿਆਂ ਨੂੰ ਬਿਹਾਰ ਸਰਕਾਰ ਦੇਵੇਗੀ 1500 ਰੁਪਏ ਮਹੀਨਾ

ਪਟਨਾ-ਕਰੋਨਾ ਮਹਾਮਾਰੀ ਦੌਰਾਨ ਅਨਾਥ ਹੋਏ ਬੱਚਿਆਂ ਨੂੰ ਬਿਹਾਰ ਸਰਕਾਰ ਵਲੋਂ ਪ੍ਰਤੀ ਮਹੀਨਾ 1500 ਰੁਪਏ ਦਿੱਤੇ ਜਾਣਗੇ। ਇਹ ਸਹਾਇਤਾ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਉਹ 18 ਸਾਲ ਤਕ ਦੇ ਨਹੀਂ ਹੋ ਜਾਂਦੇ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਵੀ ਇਸ ਦੌਰ ਵਿਚ ਅਨਾਥ ਹੋਏ ਬੱਚਿਆਂ ਲਈ ਰਾਹਤ ਸਕੀਮ ਜਾਰੀ ਕੀਤੀ ਹੈ। ਇਸ ਤੋਂ ਬਾਅਦ ਕਈ ਸੂਬੇ ਆਪਣੇ ਪੱਧਰ 'ਤੇ ਅਨਾਥ ਬੱਚਿਆਂ ਲਈ ਮੁਫਤ ਸਿੱਖਿਆ ਤੇ ਰਾਹਤ ਰਾਸ਼ੀ ਦੀ ਸਹੂਲਤ ਦਾ ਐਲਾਨ ਕਰ ਰਹੇ ਹਨ।

# ਭਾਰਤ ਦੀ ਵੰਡ ਦਾ ਕਾਲਾ ਦਿਨ ਹੈ ਤਿੰਨ ਜੂਨ

ਨਵੀਂ ਦਿੱਲੀ-3 ਜੂਨ ਦਾ ਦਿਨ ਇਤਿਹਾਸ ਵਿਚ ਉਸ ਦਿਨ ਵਜੋਂ ਦਰਜ ਹੈ, ਜਿਸ ਨੇ ਭਾਰਤ ਦੇ ਇਤਿਹਾਸ ਅਤੇ ਭੂਗੋਲ ਨੂੰ ਬਦਲ ਦਿੱਤਾ। ਸਾਲ 1947 ਵਿੱਚ ਅੱਜ ਦੇ ਹੀ ਦਿਨ ਬ੍ਰਿਟਿਸ਼ ਰਾਜ ਅਧੀਨ ਭਾਰਤ ਦੇ ਆਖਰੀ ਵਾਇਸਰਾਏ, ਲਾਰਡ ਮਾਊਂਟਬੈਟਨ ਨੇ ਦੇਸ਼ ਦੀ ਵੰਡ ਦਾ ਐਲਾਨ ਕੀਤਾ ਸੀ। ਭਾਰਤ ਦੀ ਵੰਡ ਦੀ ਇਸ ਘਟਨਾ ਨੂੰ 3 ਜੂਨ ਯੋਜਨਾ ਜਾਂ ਮਾਊਂਟਬੈਟਨ ਯੋਜਨਾ ਵਜੋਂ ਜਾਣਿਆ ਜਾਂਦਾ ਹੈ। ਦੇਸ਼ ਵਿਚ ਦੰਗੇ ਹੋ ਰਹੇ ਸਨ ਅਤੇ ਕੇਂਦਰ ਵਿਚ ਅੰਤ੍ਰਿਮ ਕਾਂਗਰਸ ਸਰਕਾਰ ਸਥਿਤੀ ਨੂੰ ਕਾਬੂ ਵਿਚ ਨਹੀਂ ਕਰ ਸਕੀ ਕਿਉਂਕਿ ਕਾਨੂੰਨ ਵਿਵਸਥਾ ਦਾ ਮਾਮਲਾ ਸੂਬਿਆਂ ਕੋਲ ਸੀ। ਇਸ ਲਈ ਸਿਆਸੀ ਤੇ ਫਿਰਕੂ ਵਿਰੋਧ ਖਤਮ ਕਰਨ ਲਈ ਤਿੰਨ ਜੂਨ ਯੋਜਨਾ ਤਿਆਰ ਕੀਤੀ ਗਈ। ਇਸ ਵਿੱਚ ਭਾਰਤ ਦੀ ਵੰਡ ਤੇ ਪਾਕਿਸਤਾਨ ਨੂੰ ਸੱਤਾ ਤਬਦੀਲ ਕਰਨ ਸਬੰਧੀ ਵੇਰਵੇ ਸਨ।






# ਆਓ ! ਫੂਡ ਲੇਬਲ ਨੂੰ ਸਮਝੀਏ



ਡਾ: ਪਰਵਿੰਦਰ ਸਿੰਘ, ਐਮ.ਡੀ.
(604) 802-9532
drperrysingh@gmail.com

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਇਸ ਤੋਂ ਇਲਾਵਾ ਇਹ ਕਈ ਵਿਟਾਮਿਨਾਂ ਜਿਵੇਂ ਕਿ ਵਿਟਾਮਿਨ ਏ, ਡੀ, ਕੇ ਆਦਿ ਨੂੰ ਸਰੀਰ ਵਿੱਚ ਜਜ਼ਬ ਕਰਨ ਵਿੱਚ ਸਹਾਇਤਾ ਕਰਦੀ ਹੈ। ਲੇਕਿਨ ਜੇ ਅਸੀਂ ਇਸ ਦਾ ਜ਼ਿਆਦਾ ਮਾਤਰਾ ਵਿੱਚ ਸੇਵਨ ਕਰਦੇ ਹਾਂ ਤਾਂ ਫਾਲਤੂ ਚਰਬੀ ਸਰੀਰ ਦੇ ਕਈ ਅੰਗਾਂ ਵਿੱਚ ਜਮ੍ਹਾਂ ਹੋ ਕੇ ਕਈ ਬਿਮਾਰੀਆਂ ਦਾ ਕਾਰਨ ਬਣਦੀ ਹੈ। ਇਸ ਨਾਲ ਸਾਨੂੰ ਦਿਲ ਅਤੇ ਹੋਰ ਕਈ ਬਿਮਾਰੀਆਂ ਦੀ ਸੰਭਾਵਨਾ ਵੱਧ ਜਾਂਦੀ ਹੈ। ਅਸੀਂ ਜਿਹੜਾ ਭੋਜਨ ਖਾਂਦੇ ਹਾਂ ਉਸ ਵਿਚੋਂ ਫੈਟਸ ਤੋਂ 25-30× ਤਕ ਵੱਧ ਤੋਂ ਵੱਧ ਊਰਜਾ ਲੈਣੀ ਠੀਕ ਰਹਿੰਦੀ ਹੈ ਜੋ ਕਿ ਅੰਦਾਜ਼ਾ ਰੋਜ਼ ਦੀ 60 ਕੁ ਗਰਾਮ ਬਣਦੀ ਹੈ। ਇਹ ਫੈਟਸ ਜਾਂ ਚਰਬੀ ਤਿੰਨ ਤਰ੍ਹਾਂ ਦੀ ਹੁੰਦੀ ਹੈ :

**• ਸੈਚੂਰੇਟਡ ਫੈਟ • ਟਰਾਂਸ ਫੈਟ • ਅਨਸੈਚੂਰੇਟਡ ਫੈਟ**

ਪਹਿਲੀ ਦੋ ਕਿਸਮ ਦੇ ਫੈਟ ਸਿਹਤ ਵਾਸਤੇ ਹਾਨੀਕਾਰਕ ਹਨ ਅਤੇ ਇਨ੍ਹਾਂ ਦਾ ਇਸਤੇਮਾਲ ਜਿੰਨਾ ਘੱਟ ਹੋਵੇ ਓਨਾ ਹੀ ਚੰਗਾ ਹੈ। ਸੈਚੂਰੇਟਡ ਫੈਟ ਜ਼ਿਆਦਾ ਕਰੀਮ ਜਾਂ ਮਲਾਈ ਵਾਲਾ ਦੁੱਧ, ਪਨੀਰ, ਮੱਖਣ, ਕਰੀਮ, ਦੇਸੀ ਘਿਓ ਅਤੇ ਜ਼ਿਆਦਾ ਚਰਬੀ ਵਾਲਾ ਮੀਟ ਆਦਿ ਵਿੱਚ ਹੁੰਦੀ ਹੈ। ਇਸ ਤੋਂ ਇਲਾਵਾ ਪਾਮ ਦੇ ਤੇਲ ਅਤੇ ਨਾਰੀਅਲ ਤੇਲ ਵਿੱਚ ਇਸ ਦੀ ਮਾਤਰਾ ਬਹੁਤ ਹੀ ਜ਼ਿਆਦਾ ਹੁੰਦੀ ਹੈ। ਇੱਕ ਸਵੱਸਥ ਭੋਜਨ ਵਿੱਚ ਇਹ ਰੋਜ਼ਾਨਾ 20 ਗਰਾਮ ਤੋਂ ਵੱਧ ਨਹੀਂ ਹੋਣਾ ਚਾਹੀਦੀ।

**ਟਰਾਂਸ ਫੈਟ** ਬਨਸਪਤੀ (ਵੈਜੀਟੇਬਲ) ਤੇਲ ਦੀ ਇੱਕ ਕੈਮੀਕਲ ਕਿਰਿਆ (ਹਾਈਡਰੋਜੀਨੇਸ਼ਨ) ਤੋਂ ਬਾਅਦ ਮਿਲਦਾ ਹੈ। ਇਹ ਬਾਕੀ ਫੈਟਸ ਦੇ ਮੁਕਾਬਲਤਨ ਸਸਤੀ ਹੁੰਦੀ ਹੈ ਇਸ ਲਈ ਇਹ ਬੇਕਰੀ ਦੇ ਸਮਾਨ, ਸਨੈਕਸ, ਬਜ਼ਾਰੀ ਤਲਿਆ ਭੋਜਨ, ਪੀ ਨੱਟ ਬਟਰ ਆਦਿ ਵਿੱਚ ਮਿਲਦਾ ਹੈ। ਇਹ ਰੋਜ਼ਾਨਾ 2 ਗਰਾਮ ਤੋਂ ਵੱਧ ਨਹੀਂ ਹੋਣਾ ਚਾਹੀਦਾ।

**ਅਨਸੈਚੂਰੇਟਡ ਫੈਟਸ** ਉਪਰ ਲਿਖੀਆਂ ਫੈਟਸ ਦੇ ਮੁਕਾਬਲੇ ਜ਼ਿਆਦਾ ਠੀਕ ਰਹਿੰਦੀ ਹੈ। ਇਹ ਸਾਨੂੰ ਕੈਨੋਲਾ ਤੇਲ, ਜੈਤੂਨ ਜਾਂ ਓਲੀਵ ਦੇ ਤੇਲ, ਸੋਇਆਬੀਨ ਦੇ ਤੇਲ, ਅਲਸੀ ਦੇ ਤੇਲ, ਅਖਰੋਟ ਦੇ ਤੇਲ, ਮੱਛੀ ਜਿਵੇਂ ਕਿ ਸਾਲਮਨ, ਟੂਨਾ, ਸੂਰਜਮੁੱਖੀ ਦਾ ਤੇਲ, ਸਫੋਲਾ ਤੇਲ ਆਦਿਕ ਤੇਲਾਂ ਤੋਂ ਮਿਲਦੀ ਹੈ। ਸਾਡੇ ਰੋਜ਼ਾਨਾ ਦੇ ਖਾਣੇ ਵਿੱਚ ਇਸ ਫੈਟ ਦੀ ਮਾਤਰਾ 40-45 ਗਰਾਮ ਤੱਕ ਹੋ ਸਕਦੀ ਹੈ।

7. **ਕਲੈਸਟਰੋਲ**—ਇਹ ਵੀ ਫੈਟਸ ਵਰਗਾ ਹੀ ਹੁੰਦਾ ਹੈ ਅਤੇ ਸਿਰਫ ਤੇ ਸਿਰਫ ਜਾਨਵਰਾਂ ਤੋਂ ਮਿਲਦਾ ਹੈ ਅਤੇ ਪੇੜ ਪੌਦਿਆਂ ਤੋਂ ਮਿਲਣ ਵਾਲੇ ਭੋਜਨ ਵਿੱਚ ਨਹੀਂ ਹੁੰਦਾ। ਜ਼ਿਆਦਾ ਕਲੈਸਟਰੋਲ ਵਾਲਾ ਖਾਣ ਤੇ ਦਿਲ ਦੀਆਂ ਬਿਮਾਰੀਆਂ ਦਾ ਰਿਸਕ ਕਾਫੀ ਵੱਧ ਜਾਂਦਾ ਹੈ। ਜ਼ਿਆਦਾ ਕਲੈਸਟਰੋਲ ਵਾਲੇ ਖਾਧ ਪਦਾਰਥ ਹਨ ਮੀਟ, ਅੰਡੇ ਦੀ ਜ਼ਰਦੀ, ਦੁੱਧ ਜਾਂ ਇਸ ਤੋਂ ਬਣਨ ਵਾਲੇ ਖਾਧ ਪਦਾਰਥ, ਕਲੇਜੀ ਆਦਿ। ਸਾਰੇ ਦਿਨ ਵਿੱਚ ਇਸ ਦੀ ਮਾਤਰਾ 300 ਮਿਲੀਗਰਾਮ ਤੋਂ ਵੱਧ ਨਹੀਂ ਹੋਣੀ ਚਾਹੀਦੀ।

8. **ਸੋਡੀਅਮ**—ਸੋਡੀਅਮ ਸਾਡੇ ਸਰੀਰ ਵਿੱਚ ਇੱਕ ਬਹੁਤ ਹੀ ਅਹਿਮ ਖਣਿਜ ਪਦਾਰਥ ਹੈ ਜਿਹੜਾ ਕਿ ਸਾਡੇ ਸਰੀਰ ਦੇ ਪਾਣੀ ਨੂੰ ਠੀਕ ਰੱਖਦਾ ਹੈ। ਇਸ ਦੀ ਬਹੁਤਾਤ ਨਾਲ ਸਾਡੇ ਸਰੀਰ ਵਿੱਚ ਪਾਣੀ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਇਸ ਦੀ ਘਾਟ ਨਾਲ ਇਹ ਘੱਟ ਜਾਂਦੀ ਹੈ। ਜੇ ਇੱਕ ਅਨੁਪਾਤ ਤੋਂ ਵੱਧ ਹੋ ਜਾਵੇ ਤਾਂ ਸਾਡਾ ਬਲੱਡ ਪਰੈਸ਼ਰ ਕਾਫੀ ਵੱਧ ਜਾਂਦਾ ਹੈ ਅਤੇ ਇਸ ਦੀ ਘਾਟ ਨਾਲ ਇਹ ਘੱਟ ਵੀ ਸਕਦਾ ਹੈ। ਇਸ ਦਾ ਸਭ ਤੋਂ ਪ੍ਰਮੁੱਖ ਸਰੋਤ ਖਾਣ ਵਾਲਾ ਨਮਕ ਹੈ। ਜ਼ਿਆਦਾ ਸੋਡੀਅਮ ਖਾਣ ਨਾਲ ਦਿਲ ਅਤੇ ਸਰੀਰ ਦੇ ਹੋਰ ਅੰਗਾਂ ਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ। ਇਸ ਦੀ ਰੋਜ਼ਾਨਾ ਮਾਤਰਾ 2400 ਮਿਲੀਗਰਾਮ ਜਾਂ ਢਾਈ ਗਰਾਮ ਹੈ। ਇਹ ਇਸ ਮਾਤਰਾ ਤੋਂ ਘੱਟ ਹੋਣਾ ਚਾਹੀਦਾ ਹੈ। ਕਈ ਖਾਣ ਵਾਲੇ ਪਦਾਰਥਾਂ ਵਿੱਚ ਇਹ ਬਹੁਤ ਹੀ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ ਜਿਵੇਂ ਕਿ ਆਲੂ ਦੇ ਚਿਪਸ, ਭੁਜੀਆ, ਮੋਜ਼ਰੇਲਾ ਪਨੀਰ, ਬਰੈੱਡ, ਆਚਾਰ ਅਤੇ ਚੱਟਣੀਆਂ ਆਦਿ ਵਿੱਚ। ਇਸ ਲਈ ਇਨ੍ਹਾਂ ਚੀਜ਼ਾਂ ਨੂੰ ਖਾਣ ਤੋਂ ਪਹਿਲਾਂ ਇਹ ਦੇਖੋ ਕਿ ਇਸ ਵਿੱਚ ਕਿਤਨਾ ਸੋਡੀਅਮ ਹੈ ਅਤੇ ਖਾਸ ਕਰ ਕੇ ਜਿਨ੍ਹਾਂ ਨੂੰ ਬਲੱਡ ਪ੍ਰੈਸ਼ਰ ਦੀ ਅਤੇ ਜਿਗਰ ਦੀ ਬਿਮਾਰੀ ਹੈ ਉਹ ਇਸ ਨੂੰ ਘੱਟ ਮਾਤਰਾ ਵਿੱਚ ਹੀ ਇਸਤੇਮਾਲ ਕਰਨ। ਜੇ ਇਹ ਪ੍ਰਤੀਸ਼ਤ 5× ਜਾਂ ਇਸ ਦੇ ਨੇੜੇ ਹੈ ਤਾਂ ਹੀ ਇਹ ਖਾਣਾ ਸਾਡੇ ਵਾਸਤੇ ਠੀਕ ਹੈ।




9. 10. 11. **ਕਾਰਬੋਹਾਈਡਰੇਟਸ**—ਸਾਡੇ ਸਰੀਰ ਵਿੱਚ ਊਰਜਾ ਦਾ ਪ੍ਰਮੁੱਖ ਸਰੋਤ ਕਾਰਬੋਹਾਈਡਰੇਟਸ ਹਨ। ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਸਭ ਤੋਂ ਜ਼ਿਆਦਾ ਅਸੀਂ ਊਰਜਾ ਲਈ ਇਸ ਤੇ ਹੀ ਨਿਰਭਰ ਕਰਦੇ ਹਾਂ। ਇੱਕ ਸਿਹਤਮੰਦ ਖਾਣੇ ਵਿੱਚ ਕਾਰਬੋਹਾਈਡਰੇਟਸ 300 ਗਰਾਮ ਜਾਂ ਇੱਕ ਪਾਈਆ ਤੱਕ ਹੋ ਸਕਦੇ ਹਨ। ਇਹ ਵੀ ਕਈ ਤਰ੍ਹਾਂ ਦਾ ਹੁੰਦਾ ਹੈ। ਜਿਸ ਵਿੱਚ ਸ਼ਾਮਲ ਹਨ

**• ਸਟਾਰਚ • ਫਾਈਬਰ ਅਤੇ • ਖੰਡ**

ਸਟਾਰਚ ਸਾਨੂੰ ਬਰੈੱਡ, ਪਾਸਤਾ, ਚਾਵਲ ਅਤੇ ਕਈ ਸਬਜੀਆਂ ਜਿਵੇਂ ਕਿ ਆਲੂ ਆਦਿਕ ਤੋਂ ਮਿਲਦੀ ਹੈ। ਸਾਬਤ ਅਨਾਜ (ਗਰੇਨ) ਜਿਵੇਂ ਕਿ ਬਾਜਰਾ, ਕਣਕ, ?ਟਸ ਆਦਿ, ਫਲ, ਸਬਜੀਆਂ ਜਿਵੇ ਕਿ ਸੁੱਕੇ ਮਟਰ, ਲੋਬੀਆ, ਰਾਜਮਾਹ ਆਦਿ ਸਰੀਰ ਵਾਸਤੇ ਅੱਛੇ ਹੁੰਦੇ ਹਨ। ਕਨੇਡਾ ਫੂਡ ਗਾਈਡ ਦੇ ਅਨੁਸਾਰ ਸਾਡੀ ਖਾਣੇ ਦੀ ਪਲੇਟ ਦਾ 25× ਹਿੱਸਾ ਸਾਬਤ ਅਨਾਜ ਜਾਂ ਸਟਰਾਚ ਵਾਲੀਆਂ ਸਬਜੀਆਂ ਤੋਂ ਬਣਿਆ ਹੋਣਾ ਚਾਹੀਦਾ ਹੈ।

**ਫਾਈਬਰ**—ਇਹ ਵੀ ਇੱਕ ਕਿਸਮ ਦਾ ਸਿਹਤਮੰਦ ਖਾਣਾ ਹੈ। ਜੋ ਕਿ ਫਲ, ਸਬਜੀਆਂ, ਸਾਬਤ ਅਨਾਜ (ਗਰੇਨ) ਆਦਿ ਵਿੱਚ ਹੁੰਦਾ ਹੈ ਇਸ ਤੋਂ ਸਾਨੂੰ ਜ਼ਿਆਦਾ ਊਰਜਾ ਨਹੀਂ ਮਿਲਦੀ ਪਰ ਇਹ ਇੱਕ ਸਿਹਤਮੰਦ ਖਾਣਾ ਹੈ ਅਤੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾ ਕੇ ਰੱਖਦਾ ਹੈ। ਇਹ ਸਾਡੀ ਆਂਤੜੀਆਂ ਦੀ ਸਿਹਤ ਵਾਸਤੇ ਬਹੁਤ ਹੀ ਜ਼ਰੂਰੀ ਹੈ। ਜੇ ਖਾਣੇ ਵਿੱਚ ਫਾਈਬਰ ਦੀ ਮਾਤਰਾ ਅੱਛੀ ਹੋਵੇਗੀ ਤਾਂ ਸਾਡਾ ਪੇਟ ਬਿਲਕੁਲ ਠੀਕ ਰਹੇਗਾ। ਰੋਜ਼ਾਨਾ ਸਾਨੂੰ ਘੱਟੋ ਘੱਟ 25 ਗਰਾਮ ਫਾਈਬਰ ਖਾਣਾ ਚਾਹੀਦਾ ਹੈ।

**ਖੰਡ**—ਇਹ ਵੀ ਕਈ ਪ੍ਰਕਾਰ ਦੀ ਹੁੰਦੀ ਹੈ ਜਿਵੇਂ ਕਿ ਫਲਾਂ ਵਿੱਚ ਮਿਲਣ ਵਾਲੀ ਫਰੱਕਟੋਸ ਜਾਂ ਦੁੱਧ ਵਿੱਚ ਮਿਲਣ ਵਾਲੀ ਲੈਕਟੋਸ। ਪਰ ਜਿਹੜੀ ਖੰਡ ਅਸੀਂ ਜ਼ਿਆਦਾ ਮਾਤਰਾ ਵਿੱਚ ਵਰਤਦੇ ਹਾਂ ਉਹ ਘਰ ਵਿੱਚ ਮਿਲਣ ਵਾਲੀ ਆਮ ਚੀਨੀ ਜਿਸ ਨੂੰ ਸੁਕਰੋਸ ਵੀ ਆਖਦੇ ਹਨ, ਊਰਜਾ ਤਾਂ ਬਹੁਤ ਦਿੰਦੀ ਹੈ ਪਰ ਇਸ ਵਿੱਚ ਪੋਸ਼ਕ ਤੱਤ ਨਾ ਬਰਾਬਰ ਹੀ ਹਨ ਇਸ ਕਰਕੇ ਇਸ ਨੂੰ ਸਿਹਤਮੰਦ ਖਾਣਾ ਨਹੀਂ ਕਿਹਾ ਜਾ ਸਕਦਾ। ਇਹ ਸਾਨੂੰ ਆਪਣੇ ਖਾਣੇ ਵਿਚੋਂ ਜਿਤਨੀ ਹੋ ਸਕੇ ਘਟਾਉਣੀ ਚਾਹੀਦੀ ਹੈ।

12. **ਪ੍ਰੋਟੀਨ**—ਸਾਡਾ ਸਰੀਰ ਪੋਡਟੀਨਤੋਂ ਬਣਿਆ ਹੁੰਦਾ ਹੈ। ਸਾਡੀਆਂ ਮਾਸ-ਪੇਸ਼ੀਆਂ, ਚਮੜੀ, ਖੂਨ, ਹਾਰਮੋਨ ਆਦਿਕ ਸਭ ਕੁੱਝ ਪ੍ਰੋਟੀਨ ਜਾਂ ਇਸ ਦੇ ਕੈਮੀਕਲਾਂ ਤੋਂ ਬਣਿਆ ਹੁੰਦਾ ਹੈ। ਇਸ ਨਾਲ ਹੀ ਸਾਡਾ ਸਰੀਰ ਰੋਗਾਂ ਨਾਲ ਲੜ੍ਹਨ ਦੀ ਸਮਰੱਥਾ ਰੱਖਦਾ ਹੈ। ਇਹ ਜਾਨਵਰ ਅਤੇ ਪੇੜ-ਪੌਦਿਆਂ ਦੋਹਾਂ ਦੇ ਖਾਧ ਪਦਾਰਥਾਂ ਤੋਂ ਮਿਲਦਾ ਹੈ। ਸਵੱਸਥ ਰਹਿਣ ਵਾਤੇ ਘੱਟੋ ਘੱਟ 50 ਗਰਾਮ ਪ੍ਰੋਟੀਨ ਸਾਡੀ ਖੁਰਾਕ ਵਿੱਚ ਹੋਣਾ ਬਹੁਤ ਹੀ ਜ਼ਰੂਰੀ ਹੈ। ਜੇ ਕੋਈ ਬਿਮਾਰ ਹੋ ਕੇ ਹੱਟਿਆ ਹੈ ਜਾਂ ਕੋਈ ਆਪਰੇਸ਼ਨ ਹੋਇਆ ਹੈ ਉਸ ਨੂੰ 80 ਤੋਂ 100 ਗਰਾਮ ਪ੍ਰੋਟੀਨ ਰੋਜ਼ਾਨਾ ਦੀ ਲੋੜ ਵੀ ਪੈ ਸਕਦੀ ਹੈ।

13-17. **ਹੋਰ ਖਣਿਜ ਪਦਾਰਥ ਅਤੇ ਵਿਟਾਮਿਨ**—ਸਭ ਤੋਂ ਹੇਠਾਂ ਪ੍ਰਮੁੱਖ ਖਣਿਜ ਪਦਾਰਥ ਅਤੇ ਵਿਟਾਮਿਨਾਂ ਦੇ ਬਾਰੇ ਲਿਖਿਆ ਹੁੰਦਾ ਹੈ ਕਿ ਇਸ ਖਾਣੇ ਵਿੱਚ ਰੋਜ਼ਾਨਾ ਜ਼ਰੂਰੀ ਮਾਤਰਾ ਦੇ ਕਿੰਨੇ ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ ਇਸ ਦੇ ਨਾਲ ਗਰਾਮਾਂ ਜਾਂ ਮਿਲੀਗਰਾਮਾਂ ਵਿੱਚ ਵੀ ਲਿਖਿਆ ਹੁੰਦਾ ਹੈ। ਜਿਵੇਂ ਕਿ ਸਾਡੇ ਸਰੀਰ ਨੂੰ ਚਲਦਾ ਫਿਰਦਾ ਰੱਖਣ ਵਾਸਤੇ ਉਪਰ ਲਿਖੇ ਪ੍ਰਮੁੱਖ ਪੋਸ਼ਣ ਤੱਤਾਂ ਤੋਂ ਇਲਾਵਾ ਇਨ੍ਹਾਂ ਦੀ ਬਹੁਤ ਹੀ ਵੱਡੀ ਭੂਮਿਕਾ ਹੁੰਦੀ ਹੈ। ਜਿਵੇਂ ਕਿ ਕੈਲਸੀਅਮ ਹੱਡੀਆਂ ਵਾਸਤੇ ਅਤੇ ਸਰੀਰ ਦੀ ਰੋਗਾਂ ਨਾਲ ਲੜ੍ਹਨ ਦੀ ਸ਼ਕਤੀ ਵਾਸਤੇ, ਵਿਟਾਮਿਨ ਸੀ ਸਰੀਰ ਨੂੰ ਰੋਗਾਂ ਤੋਂ ਬਚਾਅ ਕੇ ਰੱਖਦਾ ਹੈ। ਲੋਹਾ ਜਾਂ ਆਇਰਨ ਸਰੀਰ ਵਿੱਚ ਖੂਨ ਨੂੰ ਬਣਾਉਣ ਵਿੱਚ ਮਦਦ ਕਰਦਾ ਹੈ। ਇਸ ਦੀ ਘਾਟ ਨਾਲ ਅਨੀਮੀਆ ਨਾਮਕ ਰੋਗ ਹੋ ਜਾਂਦਾ ਹੈ। ਇਸ ਤਰ੍ਹਾਂ ਇੱਥੇ ਸਰੀਰ ਨੂੰ ਜ਼ਰੂਰਤ ਕੁੱਝ ਕੁ ਵਿਟਾਮਿਨ ਅਤੇ ਹੋਰ ਖਣਿਜ ਪਦਾਰਥ ਲਿਖੇ ਹੁੰਦੇ ਹਨ।

ਇਸ ਤੋਂ ਇਲਾਵਾ ਫੂਡ ਲੇਬਲ ਦੇ ਨੀਚੇ ਉਸ ਖਾਣੇ ਵਿੱਚ ਕੀ ਸਮਾਨ (ਇਿਂਗਰੀਡੀਐਂਟਸ) ਹਨ, ਉਹ ਵੀ ਪੜ੍ਹਨਾ ਬਹੁਤ ਹੀ ਜ਼ਰੂਰੀ ਹੈ ਜਿਸ ਬਾਰੇ ਚਰਚਾ ਅਸੀਂ ਅਗਲੇ ਲੇਖ ਵਿੱਚ ਕਰਾਂਗੇ।


ਇਸ ਤਰ੍ਹਾਂ ਫੂਡ ਲੇਬਲ ਬਾਰੇ ਚੇਤੰਨਤਾ ਰੱਖ ਕੇ ਅਸੀਂ ਆਪਣਾ ਖਾਣਾ ਅੱਛੇ ਤੇ ਸਿਹਤਮੰਦ ਤਰੀਕੇ ਨਾਲ ਚੁਣ ਸਕਦੇ ਹਾਂ ਅਤੇ ਸਿਹਤਮੰਦ ਜੀਵਨ ਬਤੀਤ ਕਰ ਸਕਦੇ ਹਾਂ। ਬੱਸ ਲੋੜ ਹੈ ਕਿ ਜਦੋਂ ਵੀ ਗਰੋਸਰੀ ਸਟੋਰ ਤੋਂ ਕੋਈ ਖਾਧ ਪਦਾਰਥ ਖਰੀਦਣ ਜਾਈਏ ਤਾਂ ਥੋੜ੍ਹੇ ਜਿਹੇ ਸਾਵਧਾਨ ਅਤੇ ਚੇਤੰਨ ਰਹੀਏ ਕਿ ਅਸੀਂ ਕੀ ਚੀਜ਼ ਖਰੀਦ ਰਹੇ ਹਾਂ ਅਤੇ ਕੀ ਇਹ ਸਵਾਦ ਦੇ ਨਾਲ ਨਾਲ ਸਰੀਰ ਵਾਸਤੇ ਵੀ ਠੀਕ ਹੈ ਕਿ ਨਹੀਂ ?












ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਸੱਯਦ ਬੇਗ ਦਾ ਗੁਰਾਂ ਦੇ ਚਰਨੀਂ ਆਉਣਾ

246 ਲੜਦੇ ਲੜਦੇ ਸੱਚੇ ਪਾਤਸ਼ਾਹ ਦਾ, ਸਾਯੱਦ ਬੇਗ ਨੇ ਜਦੋਂ ਦੀਦਾਰ ਕੀਤਾ।
ਲੜਦੀ ਲੜਦੀ ਖੜ ਤਲਵਾਰ ਗਈ, ਦਰਸ਼ਨ ਉਸਨੇ ਵਾਰਮ-ਵਾਰ ਕੀਤਾ।
ਛਾਲ ਮਾਰ ਕੇ ਘੋੜੇ ਤੋਂ ਹੇਠ ਆਇਆ, ਹੱਥ ਜੋੜ ਕੇ ਨਮਸ਼ਕਾਰ ਕੀਤਾ।
ਹਰਚੰਦ ਸਿੰਘਾ ਗੁਰੂ ਨਿਹਾਲ ਹੋਏ, ਸੱਯਦ ਬੇਗ ਨੂੰ ਗੁਰਾਂ ਪਿਆਰ ਕੀਤਾ॥

### ਬੇਗ ਨੇ ਮਾਫ਼ੀ ਮੰਗਣੀ

247 ਬੰਦਾ ਨਾਲ ਖੁਦਾ ਦੇ ਲੜਨ ਆਇਆ, ਖਤਾ ਬੰਦੇ ਦੀ ਦੇਹ ਭੁਲਾ ਸਾਈਂ।
ਜਸ ਆਪਦਾ ਬੜਾ ਹੀ ਸੁਣਿਆ ਸੀ, ਦੀਦ ਆਪਣੀ ਦਿੱਤੀ ਦਿਖਾ ਸਾਈਂ।
ਨਾ-ਚੀਜ਼ ਨੂੰ ਕੋਹੇਨੂਰ ਕੀਤਾ, ਨਜ਼ਰ ਮਿਹਰ ਦੀ ਦਿੱਤੀ ਏ ਪਾ ਸਾਈਂ।
ਕੋਹਤੂਰ ਤੇ ਹੋਈ ਨਸੀਵ ਮੂਸੇ, ਕਣੀ ਨੂਰ ਦੀ ਦਿੱਤੀ ਪਿਲਾ ਸਾਈਂ॥

### ਆਲਿਫ਼ ਖ਼ਾਂ ਨੇ ਸੱਯਦ ਬੇਗ ਨੂੰ ਵੰਗਾਰਨਾ

248 ਆਲਿਫ਼ ਆ ਕੇ ਬੇਗ ਨੂੰ ਕਹਿਣ ਲੱਗਾ, ਚੱਕ ਤੇਗ ਤੇ ਕਰ ਘਮਸਾਨ ਮੀਆਂ।
ਕਾਫ਼ਰ ਪੀਰ ਨੂੰ ਸਜਦੇ ਕਰਨ ਲੱਗਾ, ਤੂੰ ਕੈਸਾ ਏਂ ਮੁਸਲਮਾਨ ਮੀਆਂ।
ਹੇਠੀ ਕਰੀ ਇਸਲਾਮ-ਕੁਰਾਨ ਦੀ ਤੂੰ, ਭੁੱਲ ਆਪਣਾ ਦੀਨ ਅਮਾਨ ਮੀਆਂ।
ਹਰਚੰਦ ਸਿੰਘਾ ਡਰ ਤੂੰ ਬਾਦਸ਼ਾਹ ਤੋਂ, ਕੋਹਲੂ ਪੀੜ ਕੇ ਕੱਢੇਗਾ ਜਾਨ ਮੀਆਂ॥

### ਸੱਯਦ ਬੇਗ ਦਾ ਉੱਤਰ

249 ਆਲਿਫ਼ ਖ਼ਾਂ ਨੂੰ ਸੱਯਦ ਬੇਗ ਕਹਿੰਦਾ, ਮੈਂ ਤੇ ਪੀਰ ਦਾ ਕਰਜ਼ ਉਤਾਰਨਾ ਏ।
ਫ਼ੌਜਾਂ ਲੈ ਕੇ ਆਪਣੇ ਰਾਹ ਪੈਜਾ, ਅਸਾਂ ਅਨੰਦਪੁਰ ਨੂੰ ਜਾਵਨਾ ਏ।
ਨੂਰਾਨੀ ਦੀਦ ਨੇ ਮੈਨੂੰ ਤੇ ਕਾਇਲ ਕੀਤਾ, ਤਨ-ਮਨ ਮੈਂ ਪੀਰ ਤੋਂ ਵਾਰਨਾ ਏ।
ਸੜ ਮਰੇ ਪਰਵਾਨਾ ਜੋ ਸ਼ਮ੍ਹਾ ਉਤੇ, ਹਰਚੰਦ ਸਿੰਘਾ ਕਿਸੇ ਕੀ ਮਾਰਨਾ ਏ॥

### ਇਹ ਖ਼ਬਰ ਸੁਣ ਕੇ ਔਰੰਗਜ਼ੇਬ ਨੂੰ ਕਰੋਧ ਆਉਣਾ

250 ਖ਼ਬਰ ਮਿਲੀ ਇਹ ਜਦ ਬਾਦਸ਼ਾਹ ਨੂੰ, ਵਿੱਚ ਗੁੱਸੇ ਦੇ ਰਿਹਾ ਸੀ ਗੱਜ ਮੀਆਂ।
ਕਮਲ਼ਾ ਕੀਤਾ ਮੇਰੇ ਜਰਨੈਲ ਤਾਈਂ, ਇਹ ਠੀਕ ਨਾ ਗੁਰੂ ਦੇ ਚੱਜ ਮੀਆਂ।
ਹਿੰਦੂ-ਮੁਸਲਮ ਸੱਜਣਗੇ ਸਿੰਘ ਸਾਰੇ, ਕੀ ਮੋਮਨਾ ਜੀਣ ਦਾ ਹੱਜ ਮੀਆਂ।
ਹਰਚੰਦ ਸਿੰਘਾ ਕਰਾਂਗਾ ਖਤਮ ਉਸਨੂੰ, ਕਿੱਥੇ ਜਾਏਗਾ ਮੇਰੇ ਤੋਂ ਭੱਜ ਮੀਆਂ॥

### ਪਹਾੜੀ ਰਾਜਿਆਂ ਔਰੰਗਜ਼ੇਬ ਨੂੰ ਚੁੱਕਣਾ

251 ਲੰਬੀ ਚਿੱਠੀ ਲਿਖ ਸ਼ਿਕਾਇਤਾਂ ਦੀ, ਅਜਮੇਰ ਚੰਦ ਸੀ ਬਾਦਸ਼ਾਹ ਕੋਲ ਆਇਆ।
ਰੋ ਰੋ ਕੇ ਹਾਲ ਸੁਨਾਉਣ ਲੱਗਾ, ਬਲਦੀ ਅੱਗ ਤੇ ਆਣ ਕੇ ਤੇਲ ਪਾਇਆ।
ਅਸੀਂ ਮਾਮਲਾ ਥੋਨੂੰ ਨਹੀਂ ਦੇ ਸਕਦੇ, ਸਾਨੂੰ ਸਿੰਘ ਸਿਪਾਹੀਆਂ ਲੁੱਟ ਖਾਇਆ।
ਅਸੀਂ ਬਾਦਸ਼ਾਹ ਗੁਰੂ ਨੂੰ ਮੰਨ ਲੈਣਾ, ਔਰੰਗਜ਼ੇਬ ਦੀ ਬੱਖੀ ਵਿੱਚ ਕਿੱਲ ਲਾਇਆ॥
252 ਸਾਨੂੰ ਆਖਦਾ ਸਜੋ ਸਿੰਘ ਸਾਰੇ, ਆਪਾਂ ਦੇਸ਼ ਆਜ਼ਾਦ ਕਰਾਵਨਾ ਏ।
ਸਾਰੇ ਮੇਰੀ ਕਮਾਨ ਦੇ ਹੇਠ ਆਓ, ਨਾਲ ਤੁਰਕਾਂ ਯੁੱਧ ਮਚਾਵਨਾ ਏ।
ਭਰੋ ਮਾਮਲਾ ਤੁਸੀਂ ਖਾਲਸੇ ਨੂੰ, ਆਪਾਂ ਆਪਣੀ ਫ਼ੌਜ ਤੇ ਲਾਵਣਾ ਏ।
ਹਰਚੰਦ ਸਿੰਘਾ ਤੋਪਾਂ ਜਮੂਰਕੇ ਲੈ, ਸਾਰੇ ਤੁਰਕਾਂ ਮਾਰ ਮੁਕਾਵਣਾ ਏ॥
253 ਸਾਡੇ ਦੇਸ਼ ਤੇ ਸਾਡਾ ਹੀ ਰਾਜ ਹੋਵੇ, ਇੱਥੇ ਦੂਜੀ ਕੋਈ ਨਾ ਜਾਤ ਹੋਵੇ।
ਸਾਡੀ ਬੋਲੀ, ਵਿਰਸਾ, ਰਾਜਧਾਨੀ, ਸਾਡਾ ਦਿਨ ਤੇ ਸਾਡੀ ਰਾਤ ਹੋਵੇ।
ਕੋਈ ਮਾਰੇ ਨਾ ਗਊ-ਗ਼ਰੀਬ ਤਾਈਂ ਜੋ ਵਾਹੇ ਉਸੀ ਜਾਏਦਾਤ ਹੋਵੇ।
ਨਿਸ਼ਾਨ ਕੇਸਰੀ ਝੂਲਣ ਖਾਲਸੇ ਦੇ, ਹਰਚੰਦ ਸਿੰਘਾ ਮੁਗਲ ਦਾ ਘਾਤ ਹੋਵੇ॥
254 ਸੱਚਾ ਪਾਤਿਸ਼ਾਹ ਉਹ ਕਹਾਂਵਦਾ ਏ, ਝੂਠਾ ਪਾਤਸ਼ਾਹ ਕਹੇ ਹਜ਼ੂਰ ਤਾਈਂ।
ਹਨੇਰੀ ਬਣਕੇ ਚੜ੍ਹਾਂਗੇ ਮੁਗਲਾਂ ਤੇ, ਝਾੜ ਦੇਣਾ ਇਸਲਾਮ ਦੇ ਬੂਰ ਤਾਈਂ।
ਬਦਲਾ ਲੈਣਾ ਆਪਣੇ ਪਿਤਾ ਦਾ ਹੈ, ਖਤਮ ਕਰਨਾ ਜ਼ਾਲਮ ਮਗ਼ਰੂਰ ਤਾਈਂ।
ਹੜ ਬਣ ਕੇ ਪੈਣਾ ਹਰਚੰਦ ਸਿੰਘਾ, ਡੋਬ ਦੇਣਾ ਮੁਗਲ ਦੇ ਪੂਰ ਤਾਈਂ॥

### ਔਰੰਗਜ਼ੇਬ ਨੇ ਸੁਣ ਕੇ ਅੱਗ ਬਗੋਲਾ ਹੋਣਾ

255 ਬੁੱਢਾ ਬਾਦਸ਼ਾਹ ਸੁਣਕੇ ਤੜਫ ਉਠਾ, ਸ਼ੇਰ ਤੜਫਦਾ ਜਿਸ ਤਰ੍ਹਾਂ ਸੱਟ ਖਾ ਕੇ।
ਡੱਬੂ ਜਾ ਕੇ ਕੰਧ ਤੇ ਬੈਠ ਗਿਆ, ਸਾਰੇ ਘਰ ਨੂੰ ਆਪਸੀ ਅੱਗ ਲਾ ਕੇ।
ਅੱਖਾਂ ਲਾਲ ਤੇ ਚੜ੍ਹਿਆ ਸਾਹ ਉਸਨੂੰ, ਸੋਚਣ ਲੱਗਾ ਨੀਵੀਆਂ ਉਹ ਪਾ ਕੇ।
ਹਰਚੰਦ ਸਿੰਘਾ ਕਹਿੰਦਾ ਹੈ ਕੋਈ, ਬੰਨ੍ਹ ਲਿਆਏ ਕਾਫ਼ਰ ਨੂੰ ਜੋ ਜਾ ਕੇ॥

256 ਸਮਝਦਾਰ ਸੀ ਕਈ ਵਜ਼ੀਰ ਉਥੇ, ਠੰਢਾ ਉਸਨੂੰ ਉਹੋ ਸੀ ਕਰਨ ਲੱਗੇ।
ਠੰਡੇ ਹੋ ਕੇ ਚੱਲੀਏ ਚਾਲ ਕੋਈ, ਕਿਹੜੀ ਗੱਲੋਂ ਹਜ਼ੂਰ ਨੇ ਡਰਨ ਲੱਗੇ।
ਰਸ-ਭਿਨੜੀ ਬੀਨ ਵਜਾਉਣ ਪਹਿਲਾਂ, ਜ਼ਹਿਰੀ ਨਾਗ ਨੂੰ ਜੋਗੀ ਨੇ ਫੜਨ ਲੱਗੇ।
ਹਰਚੰਦ ਸਿੰਘਾ ਸੋਚ ਕੇ ਪੈਰ ਧਰਦੇ, ਲੋਕ ਨਦੀਆਂ ਨਾਲਿਆਂ ਵੜਨ ਲੱਗੇ॥

### ਜਰਨੈਲ ਰਮਜ਼ਾਨ ਖਾਂ ਦੀ ਅਨੰਦਪੁਰ ਤੇ ਚੜ੍ਹਾਈ

257 ਚਿੱਠੀ ਲਿਖੀ ਬਾਦਸ਼ਾਹ ਦੋਸਤੀ ਦੀ, ਮਿਲ ਬਹਿਣ ਦੀ ਗੁਰਾਂ ਨਾਲ ਗੱਲ ਤੋਰੀ।
ਦਸਮੇਸ਼ ਜੀ ਨੇ ਸੱਚੀਆਂ ਕਹਿ ਗੱਲਾਂ, ਚਿੱਠੀ ਔਰੰਗਜ਼ੇਬ ਨੂੰ ਘੱਲ ਤੋਰੀ।
ਸੱਚ ਸੁਣ ਕੇ ਉਸਨੂੰ ਅੱਗ ਲੱਗੀ, ਸ਼ਾਹੀ ਫ਼ੌਜ ਸੀ ਉਸੇ ਪਲ ਤੋਰੀ।
ਰਮਜ਼ਾਨ ਖਾਂ ਜਰਨੈਲ ਨੇ ਖਾਹ ਸੌਂਹਾਂ, ਫ਼ੌਜ ਅਨੰਦਪੁਰ ਦੇ ਵਲ ਤੋਰੀ॥

258 ਸ਼ਾਹੀ ਫ਼ੌਜਾਂ ਗੁਮਾਨ ਦੇ ਨਾਲ ਭਰੀਆਂ, ਅਨੰਦਪੁਰ ਆਈਆਂ ਪੰਧ ਮੁਕਾ ਕੇ ਜੀ।
ਅੱਗੋਂ ਸਿੰਘ ਵੀ ਵੇਖ ਕੇ ਯੋਗ ਥਾਵਾਂ, ਬੈਠੇ ਥਾਂ ਥਾਂ ਮੋਰਚੇ ਲਾ ਕੇ ਜੀ।
ਅਨੰਦਗੜ੍ਹ ਕਿਲ੍ਹੇ ਤੇ ਸ਼ਹਿਰ ਉਤੇ, ਕੀਤਾ ਹਮਲਾ ਜੋਸ਼ ਵਿੱਚ ਆ ਕੇ ਜੀ।
ਸਾਰਾ ਦਿਨ ਘਮਸਾਨ ਦਾ ਯੁੱਧ ਹੋਇਆ, ਇਕ ਦੂਜੇ ਦਾ ਖ਼ੂਨ ਬਹਾ ਕੇ ਜੀ॥

259 ਰਾਤ ਪਈ ਤੇ ਬੰਦ ਘਮਸਾਨ ਹੋਇਆ, ਮੁਗਲ ਜਾ ਕੇ ਤੰਬੂ ਸਜਾਉਣ ਲੱਗੇ।
ਨੱਚਣ ਨਾਚੀਆਂ ਪੀਣ ਸ਼ਰਾਬ ਲੱਗੇ, ਰੰਗ ਰਲੀਆਂ ਖ਼ੂਬ ਮਨਾਉਣ ਲੱਗੇ।
ਮਾਲ ਲੁੱਟ ਦਾ ਜੋ ਵੀ ਹੱਥ ਆਇਆ, ਹਿੱਸੇ ਆਪੋ ਆਪਣੇ ਪਾਉਣ ਲੱਗੇ।
ਕਹਿੰਦੇ ਕੱਲ੍ਹ ਨੂੰ ਲੁੱਟਣੇ ਕਿਲ੍ਹੇ ਸਾਰੇ, ਹਰਚੰਦ ਸਿੰਘਾ ਵਿਉਂਤ ਬਣਾਨ ਲੱਗੇ॥

### ਸਿੰਘਾਂ ਦਾ ਮੁਗਲਾਂ ਤੇ ਅਚਾਨਕ ਹਮਲਾ

260 ਮੁਖੀ ਸਿੰਘਾਂ ਨੇ ਬੈਠ ਸਲਾਹ ਕੀਤੀ, ਅਜੀਤ ਸਿੰਘ ਵੀ ਕੋਲ ਬਠਾਇਆ ਏ।
ਵੈਰੀ ਵਿੱਚ ਸ਼ਰਾਬ ਦੇ ਧੁੱਤ ਹੋਏ, ਦੋ ਮੀਲ ਤੇ ਡੇਰਾ ਲਾਇਆ ਏ।
ਹੁਣ ਸਮਾਂ ਹੈ ਵੇਲਾ ਸੰਭਾਲਣੇ ਦਾ, ਸਮਾਂ ਲੰਘਿਆ ਮੁੜ ਨਾ ਆਇਆ ਏ।
ਹਰਚੰਦ ਸਿੰਘਾ ਪਹਿਲ ਜੋ ਕਰ ਗਿਆ, ਪੱਲੇ ਉਸਨੇ ਸਭ ਕੁੱਝ ਪਾਇਆ ਏ॥

261 ਉਦੈ ਸਿੰਘ ਜੀ ਸਤਿਗੁਰਾਂ ਕੋਲ ਆਏ, ਕੀਤੀ ਬੇਨਤੀ ਦੋਵੇਂ ਹੱਥ ਜੋੜ ਕੇ ਜੀ।
ਦੇਵੋ ਆਗਿਆ ਖਾਲਸਾ ਪੰਥ ਤਾਈਂ, ਮੂੰਹ ਵੈਰੀ ਦਾ ਆਈਏ ਮੋੜ ਕੇ ਜੀ।
ਮੱਦਹੋਸ਼ ਨੂੰ ਹੋਸ਼ ਨਾ ਆਉਣ ਦੇਈਏ, ਪਾਈਏ ਸੁੱਕਣੇ ਜਿਸਮ ਨਚੋੜ ਕੇ ਜੀ।
ਸੂਰਜ ਵੇਖਣਾ ਹੋਏ ਨਸੀਬ ਨਾ ਹੀ, ਜਾਨਾਂ ਕੱਢੀਏ ਸੰਘ ਮਰੋੜ ਕੇ ਜੀ॥

262 ਪਤਾ ਲੱਗਾ ਸਾਨੂੰ ਸੂਹ ਮਿਲੀ, ਵੈਰੀ ਮਹਿਫਲਾਂ ਪਏ ਸਜਾਂਵਦੇ ਨੇ।
ਸ਼ਹਿਰ ਲੁੱਟ ਕੇ ਮਾਲ ਜੋ ਲੈ ਗਏ, ਉਸ ਲੁੱਟ ਦੀ ਖੁਸ਼ੀ ਮਨਾਂਵਦੇ ਨੇ।
ਨੱਚਣ ਨਾਚੀਆਂ ਮੁਜਰੇ ਹੋਣ ਪਏ, ਵਾਜੇ ਵੱਜਦੇ ਜਾਮ ਲਗਾਂਵਦੇ ਨੇ।
ਹਰਚੰਦ ਸਿੰਘਾ ਡੂਮਣੇ ਚੋਣ ਜਿਹੜੇ, ਉਹ ਰਾਤ ਦਾ ਲਾਭ ਉਠਾਂਵਦੇ ਨੇ॥

263 ਪਾਈਆਂ ਕਾਠੀਆਂ ਗੁਰਾਂ ਤੋਂ ਹੁਕਮ ਲੈ ਕੇ, ਅੱਧੀ ਰਾਤ ਨੂੰ ਸਿੰਘ ਸਰਦਾਰ ਚੱਲੇ।
ਅਜੀਤ ਸਿੰਘ ਜੀ ਜਥੇਦਾਰ ਬਣੇ, ਘੋੜੇ ਕਰਕੇ ਮਾਰੋ ਮਾਰ ਚੱਲੇ।
ਸੁੱਤੇ ਪਏ ਤੇ ਸਿੰਘ ਨਾ ਵਾਰ ਕਰਦੇ, ਇਸ ਲਈ ਸੀ ਸਿੰਘ ਲਲਕਾਰ ਚੱਲੇ।
ਪਈਆਂ ਭਾਜੜਾਂ ਡੇਰੇ ਦੁਸ਼ਮਣਾਂ ਦੇ, ਹਰਚੰਦ ਸਿੰਘਾ ਖ਼ੂਨੀ ਜਦ ਵਾਰ ਚੱਲੇ॥

(ਬਾਕੀ ਅਗਲ ਅੰਕ ਵਿਚ)

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਣਾ ਸਮੇਂ ਦੀ ਮੁੱਖ ਲੋੜ

ਬਚਪਨ ਜੀਵਨ ਦੀ ਉਹ ਅਵਸਥਾ ਹੈ, ਜਿਸ ਵਿੱਚ ਜ਼ਿੰਦਗੀ ਦਾ ਅਧਾਰ ਹੈ, ਨੀਂਹ ਹੈ। ਨੀਂਹ ਜਿੰਨੀ ਮਜ਼ਬੂਤ ਅਤੇ ਡੂੰਘੀ ਰੱਖੋਗੇ, ਇਮਾਰਤ ਦੀ ਮਿਆਦ ਉਨੀਂ ਵੱਧ ਜਾਵੇਗੀ। ਬੱਚੇ ਨੂੰ ਬਚਪਨ ਵਿੱਚ ਜਿਵੇਂ ਦਾ ਮਾਹੌਲ ਸਿਰਜ ਕੇ ਦੇਵੋਂਗੇ, ਜਿਵੇਂ ਦੇ ਸੰਸਕਾਰ ਦੇਵੋਗੇ ਉਵੇਂ ਦਾ ਹੀ ਨਾਗਰਿਕ ਭਵਿੱਖ ਵਿੱਚ ਉਹ ਬਣੇਗਾ। ਮੰਨਿਆ ਕਿ ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ, ਇਹ ਵੀ ਮੰਨਿਆ ਕਿ ਹਰ ਇੱਕ ਦੀ ਆਪੋ ਆਪਣੀ ਜ਼ਿੰਦਗੀ ਹੈ ਅਤੇ ਆਪਣੇ ਅਨੁਸਾਰ ਜਿਊਣ ਦਾ ਹੱਕ ਰੱਖਦਾ ਹੈ। ਪਰ ਜਦੋਂ ਗੱਲ ਸਮਾਜ ਦੇ ਭਵਿੱਖ ਦੀ ਆਉਂਦੀ ਹੈ ਤਾਂ ਸ਼ਾਇਦ ਹਰ ਇੱਕ ਨੂੰ ਆਪਣੀ ਜਿੰਮੇਵਾਰੀ ਦਾ ਅਹਿਸਾਸ ਹੋਣਾ ਜਰੂਰੀ ਹੈ। ਪਰ ਸਮੇਂ ਦੀ ਤ੍ਰਾਸਦੀ ਕਹਿ ਸਕਦੇ ਹਾਂ ਕਿ ਅੱਜ ਮਾਪੇ ਆਪਣੇ ਬੱਚਿਆਂ ਨੂੰ ਸ਼ੋਸ਼ਲ ਮੀਡੀਆ ਉੱਪਰ ਮਸ਼ਹੂਰ ਕਰਨ ਲਈ ਉਹਨਾਂ ਦੀਆਂ ਜੜ੍ਹਾਂ ਪੂਰੀ ਤਰ੍ਹਾਂ ਖੋਖਲੀਆਂ ਕਰੀ ਜਾ ਰਹੇ ਹਨ। ਇੱਥੇ ਮੈਂ ਇੱਕ ਗੱਲ ਹੋਰ ਸਾਫ ਕਰ ਦੇਣਾ ਚਾਹੁੰਦੀ ਹਾਂ ਕਿ ਮੈਂ ਕਿਸੇ ਵੀ ਤਰ੍ਹਾਂ ਦੀ ਕਲਾ ਨੂੰ ਸਿੱਖਣ ਦੇ ਵਿਰੋਧ ਵਿੱਚ ਨਹੀਂ ਹਾਂ ਪਰ ਹਾਂ ਸਾਨੂੰ ਇਹ ਜਰੂਰ ਧਿਆਨ ਵਿੱਚ ਰੱਖਣਾ ਪਵੇਗਾ ਕਿ ਬੱਚਿਆਂ ਦੀ ਸੋਚ ਸਮਝ ਉੱਤੇ ਇਸਦਾ ਕੀ ਪ੍ਰਭਾਵ ਪੈ ਰਿਹਾ ਹੈ। ਅਸੀਂ ਬਹੁਤ ਭਾਗਾਂ ਵਾਲੇ ਹਾਂ ਕਿ ਸਾਡੇ ਕੋਲ ਸਿੱਖ ਇਤਿਹਾਸ ਵਰਗਾ ਮਹਾਨ ਇਤਹਾਸ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਰਗੇ ਗੁਰੂ ਹਨ। ਜਿੰਨਾ ਤੋਂ ਸੇਧ ਲੈਕੇ ਅਸੀਂ ਇੱਕ ਬਹੁਤ ਹੀ ਸ਼ਾਂਤੀ ਭਰਪੂਰ ਜੀਵਨ ਬਿਤਾ ਸਕਦੇ ਹਾਂ। ਪਰ ਸਮੇਂ ਦੀ ਖੇਡ ਵੇਖੋ, ਜਿੰਨਾ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨਾ ਸੀ, ਜਿਸ ਬਚਪਨ ਨੂੰ ਗੁਰਬਾਣੀ ਨਾਲ ਜੋੜਨਾ ਸੀ, ਉਸਨੂੰ ਅੱਜ ਮਾਪੇ ਭਾਂਤ ਭਾਂਤ ਦੇ ਬੇਲੋੜੇ ਅਰਥਾਂ ਵਾਲੇ ਗੀਤਾਂ ਨਾਲ ਜੋੜ ਰਹੇ ਹਨ। ਟਿਕ ਟਾਕ, ਇੰਸਟਾਗ੍ਰਾਮ ਉੱਪਰ ਛੋਟੇ ਬੱਚਿਆਂ ਨੂੰ ਜਦੋਂ ਨੱਚਦੇ ਤੇ ਹਰ ਗਾਣੇ ਦੇ ਬੋਲ ਮੂੰਹ ਜੁਬਾਨੀ ਯਾਦ ਦੇਖਦੀ ਹਾਂ ਤਾਂ ਸੋਚਦੀ ਹਾਂ ਕਿ ਕਿੰਨਾ ਚੰਗਾ ਹੁੰਦਾ ਜੇ ਜਪੁਜੀ ਸਾਹਿਬ ਦੀ ਗੁਰਬਾਣੀ ਵੀ ਐਦਾ ਹੀ ਯਾਦ ਹੁੰਦੀ। ਬਹੁਤ ਘੱਟ ਪਰਿਵਾਰ ਨੇ ਜਿੰਨਾ ਵਿੱਚ ਬੱਚਿਆਂ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਆਪਣੀ ਜੜ੍ਹ ਨਾਲੋਂ ਜੁਦਾ ਹੋਏ ਫਲ , ਫੁੱਲ , ਪੱਤੇ ਹਮੇਸ਼ਾ ਹਰੇ ਨਹੀਂ ਰਹਿੰਦੇ, ਉਹਨਾਂ ਦੇ ਜੜ੍ਹ ਤੋਂ ਅਲੱਗ ਹੋਣ ਦੀ ਦੇਰ ਨਹੀਂ ਕਿ ਉਹ ਮੁਰਝਾ ਜਾਂਦੇ ਨੇ। ਬਿਲਕੁਲ ਇਸੇ ਤਰ੍ਹਾਂ ਸਾਡਾ ਮੂਲ ਸਾਡਾ ਇਤਹਾਸ ਹੈ ਗੁਰਬਾਣੀ ਹੈ ਜੇਕਰ ਅਸੀਂ ਮੂਲ ਨਾਲੋਂ ਟੁੱਟ ਗਏ ਤਾਂ ਸਾਡਾ ਬਿਖਰਨਾ ਸੁਭਾਵਿਕ ਹੈ। ਅਸੀਂ ਬਹੁਤ ਹੀ ਵੱਡਮੁੱਲੇ ਇਤਹਾਸ ਦੇ ਵਾਰਿਸ ਹਾਂ, ਇਸ ਇਤਹਾਸ ਦੀ ਸ਼ਾਨ ਨੂੰ ਬਣਾਈ ਰੱਖਣਾ ਸਾਡਾ ਫਰਜ਼ ਹੈ, ਜਿੰਮੇਵਾਰੀ ਹੈ। ਜੇ ਬੱਚਿਆਂ ਨੂੰ ਬਚਪਨ ਤੋਂ ਹੀ ਨਚਾਰ ਬਣਾਉਣਾ ਸ਼ੁਰੂ ਕਰ ਦਿੱਤਾ ਤਾਂ ਭਵਿੱਖ ਵਿੱਚ ਇਸਦੇ ਨਤੀਜੇ ਕੁਝ ਜਿਆਦਾ ਸਾਰਥਕ ਨਹੀਂ ਹੋਣਗੇ, ਫੋਕੀ ਸ਼ੋਹਰਤ, ਨਾਮ, ਪੈਸਾ ਸਭ ਮਿਲ ਸਕਦਾ ਹੈ ਪਰ ਆਪਣੇ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਜਿੰਮੇਵਾਰ ਨਾਗਰਿਕ ਨਹੀਂ। ਇਸ ਲਈ ਸਕੂਲਾਂ ਕਾਲਜਾਂ ਵਿੱਚ ਵੀ ਬਹੁਤ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਸਕਦੇ ਹਨ। ਸਮੇਂ ਸਮੇਂ ਤੇ ਧਾਰਮਿਕ ਮੁਕਾਬਲੇ ਕਰਾ ਕੇ ਗੁਰਬਾਣੀ ਕੰਠ ਵਰਗੀਆਂ ਬਹੁਤ ਸਾਰੀਆਂ ਨਵੀਆਂ ਲਹਿਰਾਂ ਚਲਾ ਕੇ ਬੱਚਿਆਂ ਨੂੰ ਸਿੱਖ ਧਰਮ ਵੱਲ ਮੋੜਿਆ ਜਾ ਸਕਦਾ ਹੈ। ਮਾਪੇ ਆਪਣੀ ਜਿੰਮੇਵਾਰੀ ਸਮਝਦੇ ਹੋਏ ਇਸ ਗੱਲ ਨੂੰ ਗੰਭੀਰਤਾ ਨਾਲ ਸੋਚਣ। ਚੰਦ ਲਾਈਕਸ ਦੇ ਕਰਕੇ ਆਪਣੇ ਬੱਚਿਆਂ ਦੀ ਸ਼ਖਸੀਅਤ ਹੀ ਨਾ ਬਦਲੋ, ਉਹਨਾਂ ਨੂੰ ਜ਼ਿੰਦਗੀ ਦੇ ਅਸਲ ਅਰਥ ਦੱਸਣ ਲਈ ਜਰੂਰੀ ਹੈ ਕਿ ਉਹਨਾਂ ਨੂੰ ਮਾਣਮੱਤੇ ਇਤਹਾਸ ਤੋਂ ਜਾਣੂ ਕਰਵਾਇਆ ਜਾਵੇ ਅਤੇ ਗੁਰਬਾਣੀ ਨਾਲ ਜੋੜਿਆ ਜਾਵੇ ਤਾਂ ਜੋ ਅਸੀਂ ਬੱਚਿਆਂ ਨੂੰ ਸਮਾਜ ਦੇ ਜਿੰਮੇਵਾਰ ਅਤੇ ਸੂਝਵਾਨ ਨਾਗਰਿਕ ਬਣਾ ਸਕੀਏ।

—ਹਰਕੀਰਤ ਕੌਰ, 9779118066

# ਗਾਥਾ ਕੈਨੇਡੀਅਨ ਮੂਲ ਨਿਵਾਸੀਆਂ ਦੀ...


ਕੈਨੇਡਾ ਜਿਸ ਨੂੰ ਦੁਨੀਆ ਦਾ ਸਵਰਗ ਵੀ ਆਖ ਦਿੱਤਾ ਜਾਂਦਾ ਹੈ ਰਹਿਣ ਪੱਖੋਂ ਦੁਨੀਆਂ ਦੇ ਬੇਹਤਰੀਨ ਮੁਲਕਾ ਵਿੱਚੋ ਇੱਕ ਹੈ । ਦੁਨੀਆ ਭਰ ਵਿੱਚੋ ਕੈਨੇਡਾ ਪਹੁੰਚਣ ਇੱਥੇ ਦੇ ਪੱਕੇ ਸ਼ਹਿਰੀ ਬਣਨ ਦੀ ਲਾਲਸਾ ਬਹੁਤਿਆ ਦੇ ਮਨਾ ਵਿੱਚ ਰਹੀ ਹੈ । ਅੱਜ ਕੈਨੇਡੀਅਨ ਸਮਾਜ ਅੰਦਰ ਬਹੁਤਾਤ ਇੰਗਲਿਸ਼ ਜਾਂ ਫਰੈਂਚ ਬੋਲਣ ਵਾਲਿਆ ਦੀ ਹੈ ਪਰ ਸ਼ਾਇਦ ਇਸ ਤੱਥ ਬਾਰੇ ਗੱਲ ਘੱਟ ਹੀ ਹੁੰਦੀ ਹੈ ਕਿ ਇੱਥੇ ਦੇ ਅਸਲ ਬਾਸ਼ਿੰਦੇ ਜਾ ਮੂਲ ਵਾਸੀ ਕੌਣ ਹਨ? ਕੈਨੇਡੀਅਨ ਸੰਵਿਧਾਨ ਮੁਤਾਬਕ ਇੱਥੇ ਦੇ ਮੂਲਨਿਵਾਸੀ ਆਦਿਵਾਸੀ ਕਬੀਲੇ ਤਿੰਨ ਤਰਾਂ ਦੇ ਹਨ। ਇੰਡੀਅਨ(ਆਮ ਤੌਰ ਤੇ ਇਹ ਲੋਕ ਫਸਟ ਨੇਸ਼ਨਸ ਵਜੋ ਜਾਣੇ ਜਾਂਦੇ ਹਨ), ਇਨਯੂਟ ਅਤੇ ਮੇਟਿਸ। ਇਹ ਤਿੰਨ ਤਰਾਂ ਦੇ ਲੋਕ ਹਨ ਜੋ ਆਪਣੇ ਵਿਲੱਖਣ ਇਤਿਹਾਸ, ਭਾਸ਼ਾਵਾਂ, ਸਭਿਆਚਾਰਕ ਅਤੇ ਆਤਮਿਕ ਵਿਸ਼ਵਾਸਾਂ ਵਜੋ ਜਾਣੇ ਜਾਂਦੇ ਹਨ ਜੋ ਕੈਨੇਡੀਅਨ ਮੇਨਸਟ੍ਰੀਮ ਭਾਈਚਾਰੇ ਤੋ ਵੱਖਰੇ ਹਨ। ਸਾਲ 2016 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਕਨੇਡਾ ਵਿੱਚ 1।67 ਮਿਲੀਅਨ ਤੋਂ ਵੱਧ ਲੋਕਾਂ ਨੇ ਆਪਣੇ ਆਪ ਨੂੰ ਮੂਲਨਿਵਾਸੀ ਵਜੋਂ ਪ੍ਰਭਾਸ਼ਿਤ ਕੀਤਾ ਹੈ ਜੋ ਆਬਾਦੀ ਦਾ 4।9× ਬਣਦਾ ਹੈ । ਇੰਨਾ ਕਬੀਲਿਆਂ ਦੀ ਗਿਣਤੀ 600 ਦੇ ਕਰੀਬ ਹੈ , ਇੰਨਾ ਦੀਆਂ 11 ਭਾਸ਼ਾਵਾ ਅਤੇ 65 ਦੇ ਕਰੀਬ ਉਪ ਬੋਲੀਆਂ ਹਨ । ਜੇਕਰ ਅੱਜ ਦੀ ਗੱਲ ਕਰੀਏ ਤਾ ਪ੍ਰਮੁੱਖ ਤੌਰ ਤੇ ਇਹ ਫਰੈਂਚ ਜਾਂ ਇੰਗਲਿਸ਼ ਹੀ ਬੋਲਦੇ ਹਨ। ਇਹ ਸ਼ੁਰੂਆਤ ਵਿੱਚ ਸਾਇਬੇਰੀਆ ਰਾਹੀਂ ਹੁੰਦੇ ਹੋਏ ਅਲਾਸਕਾ ਦੇ ਰਸਤੇ ਕੈਨਡਾ ਪਹੁੰਚੇ ਸਨ। ਕ੍ਰਿਸਟੋਫਰ ਕੋਲੰਬਸ ਵੱਲੋ 1492 ਵਿਖੇ ਅਮਰੀਕਾ ਦੀ ਖੋਜ ਹੋਈ ਸੀ , ਉਸਤੋ ਬਾਅਦ ਯੂਰਪੀਅਨ ਲੋਕ ਤੇ ਖਾਸਕਰ ਫਰੈਂਚ ਮਿਸ਼ਨਰੀ ਵੀ ਆਪਣੇ ਧਰਮ ਪ੍ਰਚਾਰ ਦੇ ਮਿਸ਼ਨ ਲਈ ਕੈਨੇਡਾ ਦੀ ਧਰਤੀ ਤੇ ਪਹੁੰਚਣ ਲੱਗ ਪਏ। ਇੱਥੇ ਹੀ ਕੈਨੇਡੀਅਨ ਮੂਲ ਨਿਵਾਸੀਆਂ ਦੀ ਬਰਬਾਦੀ ਦਾ ਆਗਾਜ਼ ਹੋਣਾ ਸ਼ੁਰੂ ਹੋਇਆ ਯੂਰਪੀਅਨ ਲੋਕਾਂ ਵੱਲੋ ਕੈਨੇਡੀਅਨ ਮੂਲਨਿਵਾਸੀ ਲੋਕਾਂ ਨਾਲ ਸ਼ੁਰੂਆਤ ਵਿੱਚ ਫ਼ਰ ਦਾ ਕਾਰੋਬਾਰ ਸ਼ੁਰੂ ਕੀਤਾ , ਫ਼ਰ ਬਦਲੇ ਮੂਲ ਨਿਵਾਸੀ ਲੋਕਾਂ ਨੂੰ ਲੋਹੇ ਨਾਲ ਬਣੇ ਤਿੱਖੇ ਔਜਾਰ ਦਿੱਤੇ ਜਾਂਦੇ ਸਨ ਜਿਸ ਨਾਲ ਮੂਲ ਨਿਵਾਸੀ ਲੋਕਾਂ ਲਈ ਸ਼ਿਕਾਰ ਕਰਨਾ ਸੌਖਾ ਹੋ ਗਿਆ ਸੀ। ਹੌਲੀ -ਹੌਲੀ ਫਰੈਂਚ ਲੋਕਾਂ ਨੇ ਮੱਕਾਰੀ ਰਾਹੀ ਮੂਲ ਨਿਵਾਸੀ ਔਰਤਾ ਨੂੰ ਵਰਗਲਾ ਕੇ ਉਨਾਂ ਨਾਲ ਵਿਆਹ ਕਰਨੇ ਸ਼ੁਰੂ ਕਰ ਦਿੱਤੇ , ਵਿਆਹ ਤੋ ਬਾਅਦ ਮੂਲ ਨਿਵਾਸੀ ਔਰਤਾ ਕੋਲੋ ਸਾਰੇ ਕੰਮ ਵੀ ਕਰਵਾਏ ਜਾਂਦੇ ਸਨ ਤੇ ਬੱਚੇ ਜੰਮਣ ਤੋ ਬਾਅਦ ਉਨਾਂ ਨੂੰ ਛੱਡ ਵੀ ਦਿੱਤਾ ਜਾਂਦਾ ਸੀ । ਆਪਣੇ ਬਿਜ਼ਨਸ ਸਥਾਪਤ ਕਰਨ ਤੋ ਬਾਅਦ ਯੂਰਪੀਅਨ ਲੋਕਾਂ ਨੇ ਮੂਲ ਨਿਵਾਸੀ ਲੋਕਾ ਤੋ ਫ਼ਰ ਖਰੀਦਣੀ ਵੀ ਬੰਦ ਕਰ ਦਿੱਤੀ ਜਿਸ ਨਾਲ ਮੂਲ ਨਿਵਾਸੀ ਬੇਰੋਜ਼ਗਾਰ ਹੋ ਗਏ ਇਸਤੋ ਬਾਅਦ ਉਨਾਂ ਨੂੰ ਨਸ਼ਿਆ ਵਿੱਚ ਧੱਕ ਦਿੱਤਾ ਗਿਆ । ਮੂਲ ਨਿਵਾਸੀ ਲੋਕਾਂ ਦਾ ਪ੍ਰਮੁੱਖ ਕੰਮ ਮੱਛੀਆਂ ਫੜਨ ਦਾ ਸੀ ਇਹ ਵੀ ਯੂਰਪੀਅਨ ਲੋਕ ਕਰਨ ਲੱਗ ਪਏ ਤੇ ਮੂਲ ਨਿਵਾਸੀ ਲੋਕਾ ਦਾ ਦਾਇਰਾ ਇਸ ਕੰਮ ਵਿੱਚ ਵੀ ਸੀਮਤ ਕਰ ਦਿੱਤਾ ਗਿਆ ਜੋ ਅੱਜ ਤੱਕ ਜਾਰੀ ਹੈ । ਇਸੇ ਬੇਰੋਜ਼ਗਾਰੀ ਨੇ ਮੂਲ ਨਿਵਾਸੀਆਂ ਦਾ ਲੱਕ ਤੋੜ ਦਿੱਤਾ । ਇਸਤੋ ਬਾਅਦ ਆਈ ਉਨਾਂ ਦੇ ਬੱਚਿਆ ਦੀ , ਬੱਚਿਆ ਤੋਂ ਉਨਾ ਦੀ ਜੁਬਾਨ,ਬੋਲੀ ,ਇਤਿਹਾਸ,ਸਭਿਆਚਾਰ ਤੇ ਪਛਾਣ ਖੋਹਣ ਦੀ ਗੱਲ ਤੁਰੀ ਜੋ ਰੇਜਿਡੈਂਸ਼ਿਅਲ ਸਕੂਲਾ ਰਾਹੀਂ ਸਿਰੇ ਚੜਾਈ ਗਈ। ਕੈਨੇਡਾ ਵਿਖੇ ਪਹਿਲਾ ਰੇਜਿਡੈਂਸ਼ਿਅਲ ਸਕੂਲ ?ਨਟਾਰੀ? ਦੇ ਬ੍ਰੈਂਟਫੋਰਡ ਵਿਖੇ 1831 ਵਿੱਚ ਖੁੱਲ੍ਹਿਆ ਸੀ ਜੋ ਕੈਨੇਡੀਅਨ ਕਨਫੈਡਰੇਸ਼ਨ ਤੋਂ ਪਹਿਲਾ ਦੀ ਗੱਲ ਹੈ । ਟੀਆਰਸੀ (ਠਰੁਟਹ ਅਨਦ ਏਚੋਨਚਿਲਿਅਟਿਨ ਛੋਮਮਿਸਸਿਨ) ਦੇ ਅਨੁਸਾਰ ਰੇਜਿਡੈਂਸ਼ਿਅਲ ਸਕੂਲ ਪ੍ਰਣਾਲੀ ਵਿਚੋਂ ਘੱਟੋ ਘੱਟ 150,000 ਫਸਟ ਨੇਸ਼ਨਜ਼, ਇਨਯੂਟ ਅਤੇ ਮੈਟਿਸ ਬੱਚੇ ਲੰਘੇ ਹਨ । ਇੰਨਾ ਸਕੂਲ ਦੇ ਵਿਦਿਆਰਥੀ ਕੈਥੋਲਿਕ ਚਰਚ ਦੇ ਸਟਾਫ ਦੁਆਰਾ ਜਿਨਸੀ ਅਤੇ ਮਾਨਸਿਕ ਸ਼ੋਸ਼ਣ ਦੇ ਸ਼ਿਕਾਰ ਵੀ ਹੋਏ। ਅਕਸਰ ਇਹ ਮੂਲ ਨਿਵਾਸੀ ਬੱਚੇ ਇੰਨਾ ਸਕੂਲਾ ਵਿੱਚ ਕੁਪੋਸ਼ਣ ਜਾਂ ਘਟੀਆ ਰਿਹਾਇਸ਼ੀ ਹਾਲਤਾਂ ਵਿਚ ਰਹਿੰਦੇ ਸਨ ਜਿਸ ਕਾਰਨ ਉਨ੍ਹਾਂ ਨੂੰ ਛੂਤ ਦੀਆਂ ਬੀਮਾਰੀਆਂ ਵਰਗੀਆਂ ਬਿਮਾਰੀਆ ਅਕਸਰ ਲੱਗ ਜਾਂਦੀਆ ਸਨ ਅਤੇ ਕਈਆਂ ਦੀ ਮੌਤ ਹੋ ਜਾਂਦੀ ਸੀ। ਟੀਆਰਸੀ ਨੇ ਆਪਣੀ ਪੜਤਾਲ ਦੌਰਾਨ ਘੱਟੋ-ਘੱਟ 3,200 ਬੱਚਿਆ ਦੀਆਂ ਮੌਤਾਂ ਦੀ ਪਛਾਣ ਕੀਤੀ ਹੈ। ਇਹ ਬੱਚੇ ਉਨਾਂ ਦਿਆਂ ਮਾਪਿਆਂ ਤੋ ਜਬਰੀ ਖੋਹੇ ਜਾਂਦੇ ਸਨ ਅਤੇ ਇੰਨਾ ਬੱਚਿਆ ਨੂੰ ਇੰਨਾ ਰੇਜਿਡੈਂਸ਼ਿਅਲ ਸਕੂਲਾ ਵਿਖੇ ਆਪਣੀ ਮਾਂ ਬੋਲੀ ਬੋਲਣ ਤੇ ਸਖਤ ਸਜਾਵਾਂ ਦਿੱਤੀਆ ਜਾਂਦੀਆ ਸਨ । ਕੈਨੇਡੀਅਨ ਸਰਕਾਰ ਨੇ 1969 ਵਿੱਚ ਕੈਥੋਲਿਕ ਇਸਾਈ ਮਿਸ਼ਨਰੀਆਂ ਤੋ ਇੰਨਾ ਦਾ ਪ੍ਰਬੰਧ ਆਪਣੇ ਹੱਥਾ ਵਿੱਚ ਲੈ ਲਿਆ ਤੇ ਹੌਲੀ- ਹੌਲੀ ਇਹ ਸਕੂਲ ਬੰਦ ਕਰ ਦਿੱਤੇ ਗਏ । ਅੱਜ ਵੀ ਇੰਨਾ ਕੈਨੇਡੀਅਨ ਮੂਲ ਨਿਵਾਸੀਆਂ ਦੀ ਗੱਲ ਕਰੀਏ ਤਾਂ ਇੰਨਾ ਦੇ ਬੱਚਿਆ ਨੂੰ ਪੜਾਈ ਲਈ ਦੂਰ ਦੁਰਾਡੇ ਜਾਣਾ ਪੈਂਦਾ ਹੈ ਪੀਣ ਲਈ ਯੋਗ ਪਾਣੀ ਨਹੀਂ ਹੈ ,ਰੁਜ਼ਗਾਰ ਦੇ ਵਧੀਆ ਮੌਕੇ ਨਹੀਂ ਹਨ ਉਚ ਸਿੱਖਿਆ ਹਾਸਲ ਕਰਨ ਵਿੱਚ ਇੰਨਾ ਦੀ ਦਰ ਮਸਾਂ 10× ਹੈ । ਅੱਜ ਵੀ ਇਹ ਲੋਕ ਨਸਲਵਾਦ ਦਾ ਸ਼ਿਕਾਰ ਹੋ ਰਹੇ ਹਨ ਤੇ ਅੱਜ ਵੀ ਇਹ ਆਪਣੇ ਹੱਕਾ ਲਈ ਸੰਘਰਸ਼ ਦੇ ਰਾਹ ਤੇ ਚੱਲ ਰਹੇ ਹਨ । ਇਹ ਵਰਤਾਰਾ ਕਦੋ ਤੱਕ ਚਲਦਾ ਰਹੇਗਾ ਫਿਲਹਾਲ ਕਹਿਣਾ ਮੁਸ਼ਕਲ ਹੈ.....!

—ਕੁਲਤਰਨ ਸਿੰਘ ਪਧਿਆਣਾ

# ਉੱਘੇ ਵਿਦਵਾਨ ਡਾ: ਹਰਚੰਦ ਸਿੰਘ ਬੇਦੀ ਦੇ ਸਦੀਵੀ ਵਿਛੋੜੇ ਤੇ ਦੁੱਖ ਦਾ ਪ੍ਰਗਟਾਵਾ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਆਪਣੀ ਵਿਸ਼ੇਸ਼ ਵਰਚੂਅਲ ਮੀਟਿੰਗ ਵਿਚ ਪੰਜਾਬੀ ਸਾਹਿਤ ਦੇ ਉੱਘੇ ਵਿਦਵਾਨ ਡਾ। ਹਰਚੰਦ ਸਿੰਘ ਬੇਦੀ ਦੇ ਸਦੀਵੀ ਵਿਛੋੜੇ ਉਪਰ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਪ੍ਰਸਿੱਧ ਪੰਜਾਬੀ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਉਨ੍ਹਾਂ ਨਾਲ ਆਪਣੀਆਂ ਮੁਲਕਾਤਾਂ ਬਾਰੇ ਵਿਸਥਾਰ ਵਿਚ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਪੰਜਾਬੀ ਸਾਹਿਤ ਵਿਚ 67 ਪੁਸਤਕਾਂ ਦਾ ਵੱਡਮੁੱਲਾ ਯੋਗਦਾਨ ਪਾ ਕੇ ਪੰਜਾਬੀ ਸਾਹਿਤ ਨੂੰ ਬੇਹੱਦ ਅਮੀਰੀ ਪ੍ਰਦਾਨ ਕੀਤੀ। ਉਹ ਉਚਕੋਟੀ ਦੇ ਵਿਦਵਾਨ ਅਤੇ ਆਲੋਚਕ ਸਨ ਅਤੇ ਉਨ੍ਹਾਂ ਵਿਸ਼ੇਸ਼ ਕਰ ਕੇ ਪ੍ਰਵਾਸੀ ਪੰਜਾਬੀ ਸਾਹਿਤ ਦਾ ਪ੍ਰਸਾਰ ਅਤੇ ਪ੍ਰਚਾਰ ਕਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਵੀ ਉਨ੍ਹਾਂ ਨਾਲ ਆਪਣੇ ਸਬੰਧਾਂ ਦਾ ਜ਼ਿਕਰ ਕੀਤਾ ਅਤੇ ਕਿਹਾ ਉਹ ਬਹੁਤ ਹੀ ਸੁਹਿਰਦ ਇਨਸਾਨ ਸਨ ਅਤੇ ਹਰ ਕਾਰਜ ਨੂੰ ਬੜੀ ਨੀਝ ਅਤੇ ਲਗਨ ਨਾਲ ਕਰਦੇ ਸਨ। ਉਨ੍ਹਾਂ ਦੇ ਪਿਤਾ ਸਾਹਿਤਕਾਰ ਲਾਲ ਸਿੰਘ ਬੇਦੀ ਵੀ ਪੰਜਾਬੀ ਦੇ ਉੱਘੇ ਵਿਦਵਾਨ ਸਨ ਅਤੇ ਉਨ੍ਹਾਂ ਦੇ ਭਰਾ ਦਲਜੀਤ ਸਿੰਘ ਵੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਰਹੇ ਹਨ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਉਨ੍ਹਾਂ ਦੀ ਵਿਦਵਤਾ ਦਾ ਕੋਈ ਸਾਨੀ ਨਹੀਂ। ਉਨ੍ਹਾਂ ਦੀ ਇਹ ਵਿਸ਼ੇਸ਼ਤਾ ਸੀ ਕਿ ਸਰੋਤਿਆਂ ਨੂੰ ਆਪਣੇ ਬੋਲਾਂ ਨਾਲ ਕੀਲ ਲੈਂਦੇ ਸਨ ਅਤੇ ਉਨ੍ਹਾਂ ਦੇ ਲੈਕਚਰ ਸੁਣ ਕੇ ਹਰ ਕੋਈ ਉਨ੍ਹਾਂ ਦਾ ਹੋ ਕੇ ਰਹਿ ਜਾਂਦਾ ਸੀ। ਉਹ ਬਹੁਤ ਹੀ ਗੰਭੀਰ ਸੋਚ ਰੱਖਦੇ ਸਨ। ਅੰਗਰੇਜ਼ ਬਰਾੜ ਨੇ ਵੀ ਉਨ੍ਹਾਂ ਦੇ ਮਿਲਪੜੇ ਸੁਭਾਅ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਮੌਤ ਨਾਲ ਡਾਢਾ ਦੁੱਖ ਮਹਿਸੂਸ ਹੋਇਆ ਹੈ। ਸ਼ਾਇਰ ਹਰਦਮ ਸਿੰਘ ਮਾਨ ਨੇ ਉਨ੍ਹਾਂ ਦੇ ਸਾਹਿਤਕ ਯੋਗਦਾਨ ਅਤੇ ਖੋਜ ਭਰਪੂਰ ਕਾਰਜਾਂ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਨੂੰ ਮਹਾਨ ਸਾਹਿਤਕਾਰ ਅਤੇ ਚਿੰਤਕ ਦਸਦਿਆਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 778-968-6874

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ-604-761-7580 ਜਾਂ 604-599-8237

ਸਰੀ (ਕੈਨੇਡਾ) ਵਿਚ ਵਰਕ ਪਰਮਿਟ ਤੇ ਰਹਿ ਰਹੇ ਜੱਟ ਸਿੱਖ ਢਿੱਲੋਂ, ਜਨਮ 1988, ਕੱਦ 5'11", ਵੈਸ਼ਨੂੰ ਲੜਕੇ ਲਈ ਵੈਸ਼ਨੂੰ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਹੋਵੇ। ਪੀ.ਆਰ., ਵਰਕ ਪਰਮਿਟ, ਸਟੂਡੈਂਟ, ਤਲਾਕਸ਼ੁਦਾ ਅਤੇ ਵਿਜ਼ਟਰ ਵੀਜ਼ਾ ਵਾਲੇ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਹੈ। ਸੰਪਰਕ: 604-723-5130 or 778-317-5130

june 26

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

### ਵਰਕਰਾਂ ਦੀ ਲੋੜ

ਫੋਰਮ ਰੈਂਟਲ (Form Rental) ਕੰਪਨੀ ਵਾਲਿਆਂ ਨੂੰ ਵਰਕਰਾਂ ਦੀ ਜ਼ਰੂਰਤ ਹੈ। ਕੰਮ ਫੁਲ ਟਾਇਮ ਹੈ। ਬਜ਼ੁਰਗ ਵੀ ਅਪਲਾਈ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਕਾਲ ਕਰੋ: 604-761-9315

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

dec 31

### ਵਰਕਰਾਂ ਦੀ ਲੋੜ

Upholstered ਫਰਨੀਚਰ ਨਿਰਮਾਣ ਵਾਲਿਆਂ ਨੂੰ ਤਜਰਬੇਕਾਰ ਸੀਮਸਟ੍ਰੈਸ (seamstress) ਦੀ ਜ਼ਰੂਰਤ ਹੈ। ਕੱਟਣ ਦੇ ਪੈਟਰਨ, ਸਿਲਾਈ ਸੀਟ ਅਤੇ ਬੈਕ ਕੁਸ਼ਨ, ਉਦਯੋਗਿਕ ਸਿਲਾਈ ਮਸ਼ੀਨਾਂ ਨਾਲ ਕੰਮ ਕਰਨ ਦਾ ਤਜਰਬਾ ਹੋਣਾ ਚਾਹਿਦਾ ਹੈ। ਵੇਰਵੇ ਅਨੁਸਾਰ ਹੋਣ ਦੇ ਦੌਰਾਨ ਇੱਕ ਸਮਰੱਥਾ ਦੀ ਰਫਤਾਰ ਨਾਲ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਜੇ ਤੁਹਾਡੇ ਕੋਲ ਫਰਨੀਚਰ ਸੀਮਸਟ੍ਰੈਸ (seamstress) ਦਾ ਪੰਜ ਜਾਂ ਇਸ ਤੋਂ ਵੱਧ ਸਾਲਾਂ ਦਾ ਤਜਰਬਾ ਹੈ ਤਾਂ ਤਨਖਾਹ $20 ਡਾਲਰ ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ। ਘੱਟ ਤਜਰਬੇਕਾਰ ਸੀਮਸਟ੍ਰੈਸ ਤਨਖਾਹ $16 ਡਾਲਰ ਪ੍ਰਤੀ ਘੰਟੇ ਤੋਂ ਸ਼ੁਰੂ ਹੁੰਦੀ ਹੈ ਅਤੇ ਅਸੀਂ ਸਿਖਲਾਈ ਦੇਵਾਂਗੇ। ਮਿਹਨਤਾਨਾ ਤਜਰਬੇ ਅਤੇ ਮਹਾਰਤ 'ਤੇ ਅਧਾਰਤ ਹੈ। ਕੰਮ ਫੁਲ ਟਾਇਮ ਹੈ। ਕੰਮ ਤੇ ਕੋਵੀਡ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: 604-524-8901**

# ਸਿੱਖ ਰੈਫਰੈਂਸ ਲਾਇਬਰੇਰੀ ਦੀਆਂ ਦੁਰਲੱਭ ਵਸਤਾਂ ਦੀ ਵਾਪਸੀ ਪ੍ਰਤੀ 37 ਸਾਲਾਂ ਬਾਅਦ ਵੀ ਭੰਬਲਭੂਸਾ

**ਸਰਚਾਂਦ ਸਿੰਘ ਖਿਆਲਾ**

ਸਿੱਖ ਜਜ਼ਬਾਤਾਂ ਨਾਲ ਸਰੋਕਾਰ ਰੱਖਦੀ ਸਿੱਖ ਰੈਫਰੈਂਸ ਲਾਇਬਰੇਰੀ ਸੰਬੰਧੀ ਅੱਜ 37 ਸਾਲ ਬੀਤ ਜਾਣ 'ਤੇ ਵੀ ਪੂਰੀ ਸਚਾਈ ਸੰਗਤ ਸਾਹਮਣੇ ਨਹੀਂ ਲਿਆਂਦੀ ਜਾ ਸਕੀ। ਸਾਡਾ ਕੰਮ ਹਰ ਸਾਲ ਜੂਨ ਦੇ ਪਹਿਲੇ ਹਫ਼ਤੇ ਘੱਲੂਘਾਰੇ ਦੀ ਵਰ੍ਹੇਗੰਢ ਤੇ ਦੁੱਖ ਦਾ ਪ੍ਰਗਟਾਵਾ ਕਰਨਾ ਅਤੇ ਉਕਤ ਲਾਇਬਰੇਰੀ ਦੀਆਂ ਦੁਰਲੱਭ ਵਸਤਾਂ ਵਾਪਸ ਨਾ ਮਿਲਣ ਦੀ ਦੁਹਾਈ ਪਾ ਕੇ ਉਸ ਦੀ ਵਾਪਸੀ ਲਈ ਸਰਕਾਰ ਨੂੰ ਵਿਅਕਤੀਗਤ ਤੌਰ ਤੇ ਮਿਲ ਕੇ ਜਾਂ ਚਿੱਠੀ ਪੱਤਰਾਂ ਰਾਹੀਂ ਕੋਸਦੇ ਰਹਿਣਾ ਹੀ ਰਹਿ ਗਿਆ ਹੈ। ਇਸ ਸੰਬੰਧੀ ਸਾਡੇ ਕੌਮੀ ਆਗੂਆਂ ਵਿਚ ਫ਼ਿਕਰਮੰਦੀ ਜਾਂ ਗੰਭੀਰਤਾ ਦਿਖਾਉਣ ਦੀ ਥਾਂ ਉਦਾਸੀਨਤਾ ਹੀ ਸਾਡੇ ਪੱਲੇ ਪਈ। ਸੰਗਤ ਨੂੰ ਅੱਜ ਤਕ ਇਸ ਮਾਮਲੇ ਚ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ। ਸ਼੍ਰੋਮਣੀ ਕਮੇਟੀ ਇਸ ਮਾਮਲੇ ਚ ਬਣੀ ਭੰਬਲਭੂਸੇ ਵਾਲੀ ਸਥਿਤੀ ਸੰਜੀਦਗੀ ਨਾਲ ਹੱਲ ਕਰਨ ਚ ਦਿਲਚਸਪੀ ਨਹੀਂ ਦਿਖਾ ਰਹੀ। ਇਹ ਨਾਕਾਮੀ ਸਾਡੀ ਲੀਡਰਸ਼ਿਪ ਦੀ ਚੂਕ ਸੀ ਜਾਂ ਨੀਯਤ ਚ ਖੋਟ, ਇਸ ਬਾਰੇ ਕੁਝ ਕਹਿਣਾ ਔਖਾ ਹੈ।

ਪਿਛੋਕੜ ਵਲ ਪੰਛੀ ਝਾਤ ਮਾਰੀਏ ਤਾਂ ਘੱਲੂਘਾਰੇ ਦੌਰਾਨ ਲਾਇਬਰੇਰੀ ਦੇ ਸੜ ਜਾਣ ਦਾ ਪ੍ਰਗਟਾਵਾ ਕੇਂਦਰ ਸਰਕਾਰ ਵੱਲੋਂ ਜੁਲਾਈ 84 ਵਿੱਚ ਇੱਕ ਵਾਈਟ ਪੇਪਰ ਰਾਹੀਂ ਕੀਤਾ ਗਿਆ ਸੀ। ਪਰ ਕੁਝ ਅਰਸੇ ਬਾਅਦ ਸੇਵਾ ਮੁਕਤ ਇੰਸਪੈਕਟਰ ਰਣਜੀਤ ਸਿੰਘ ਨੰਦਾ ਅਤੇ ਫਿਰ ਡੀ ਐੱਸ ਪੀ ਸ਼ਬਦਲ ਸਿੰਘ ਦੇ ਖ਼ੁਲਾਸਿਆਂ ਨੇ ਉਕਤ ਦੁਰਲੱਭ ਖ਼ਜ਼ਾਨੇ ਦੀ ਮੌਜੂਦਗੀ ਦਾ ਪਤਾ ਦਿੱਤਾ।

ਫਿਰ ਉਕਤ ਕੌਮੀ ਧਰੋਹਰ ਦੀ ਵਾਪਸੀ ਲਈ 2003 ਚ ਸਤਨਾਮ ਸਿੰਘ ਖੰਡੇ ਵੱਲੋਂ ਪੰਜਾਬ ਐਂਡ ਹਰਿਆਣਾ ਹਾਈਕੋਰਟ ਚ ਸਿਵਲ ਰਿੱਟ ਪਟੀਸ਼ਨ ਪਾਈ ਗਈ। ਜਿਸ ਚ ਸਰਕਾਰ, ਸੁਰੱਖਿਆ ਏਜੰਸੀਆਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨੂੰ ਵੀ ਜਵਾਬਦੇਹ ਬਣਾਇਆ ਗਿਆ। ਜਿੱਥੇ ਸ਼੍ਰੋਮਣੀ ਕਮੇਟੀ ਨੇ 4 ਮਹੀਨੇ ਬਾਅਦ ਹੀ ਉਕਤ ਕੇਸ ਵਿਚ ਆਪਣੇ ਆਪਣੇ ਆਪ ਨੂੰ ਪੀੜਤ ਧਿਰ ਵਿਚ ਸ਼ਾਮਿਲ ਕਰਾ ਲਿਆ। ਕੇਸ ਦੀ ਸੁਣਵਾਈ ਦੌਰਾਨ ਭਾਰਤੀ ਗ੍ਰਹਿ ਮੰਤਰਾਲੇ ਅਤੇ ਸੀਬੀਆਈ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੀਆਂ ਗਈਆਂ ਵਸਤਾਂ ਦੀ ਸੂਚੀ ਸੌਂਪਦਿਆਂ ਕੇਸ ਡਿਸਮਿਸ ਕਰਨ ਦੀ ਅਪੀਲ ਕੀਤੀ ਗਈ। ਅਪ੍ਰੈਲ 2004 ਚ ਚੀਫ਼ ਜਸਟਿਸ ਬਿਨੋਧ ਕੁਮਾਰ ਰਾਏ ਅਤੇ ਜਸਟਿਸ ਸੂਰਿਆ ਕਾਂਤ ਨੇ ਸਰਕਾਰੀ ਪੱਖ ਦੇ ਜਵਾਬ ਪ੍ਰਤੀ ਤਸੱਲੀ ਰੱਖਦਿਆਂ ਸ਼੍ਰੋਮਣੀ ਕਮੇਟੀ ਨੂੰ ਅਗਲੇਰੀ ਕਾਰਵਾਈ ਕਰਨ ਲਈ ਕਿਹਾ। ਜਿਸ ਵਿਚ ਉਨ੍ਹਾਂ ਬਾਕੀ ਦੇ ਵਸਤਾਂ ਨੂੰ ਸਰਕਾਰ ਤੋਂ ਹਾਸਲ ਕਰਨ ਅਤੇ ਲੋੜ ਪੈਣ ਤੇ ਅਦਾਲਤ ਨੂੰ ਪਹੁੰਚ ਕਰਨ ਦੀ ਗਲ ਵੀ ਕਹੀ। ਹੁਣ ਸ਼੍ਰੋਮਣੀ ਕਮੇਟੀ ਦੇ ਕਹਿਣ ਮੁਤਾਬਿਕ ਕਿ ਉਨ੍ਹਾਂ ਨੂੰ ਕੁਝ ਵੀ ਸਰਮਾਇਆ ਵਾਪਸ ਨਹੀਂ ਕੀਤਾ ਗਿਆ ਤਾਂ ਉਕਤ ਅਦਾਲਤੀ ਫ਼ੈਸਲੇ ਨੂੰ ਪੰਥ ਦੀ ਜਿੱਤ ਮੰਨਿਆ ਜਾਵੇ ਜਾਂ ਹਾਰ। ਜਦ ਕਿ ਸ਼੍ਰੋਮਣੀ ਕਮੇਟੀ ਦੀ ਤਰਫ਼ੋਂ ਕੇਸ ਲੜਨ ਵਾਲੇ ਨਾਮੀ ਵਕੀਲਾਂ ਵਿਚ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਰਹੇ ਐੱਚ ਐੱਸ ਮੱਤੇਵਾਲ ਅਤੇ ਰੰਜਨ ਲਖਨ ਪਾਲ ਸਮੇਤ 8 ਉੱਘੇ ਵਕੀਲ ਸ਼ਾਮਿਲ ਸਨ। ਇੰਜ ਹੋਣ ਤੇ ਵੀ ਸ਼੍ਰੋਮਣੀ ਕਮੇਟੀ ਵਾਪਸ ਆਈਆਂ ਵਸਤਾਂ ਜਾਂ ਵਸਤਾਂ ਦੀ ਸੂਚੀ ਸੰਗਤ ਸਾਹਮਣੇ ਪੇਸ਼ ਨਹੀਂ ਕਰ ਸਕੀ ਫਿਰ ਵੀ ਸਮਝ ਨਹੀਂ ਆਈ ਕਿ ਜੇ ਸ਼੍ਰੋਮਣੀ ਕਮੇਟੀ ਨੂੰ ਵਸਤਾਂ ਨਹੀਂ ਮਿਲੀਆਂ ਤਾਂ ਕਮੇਟੀ ਨੇ ਵਸਤਾਂ ਦੀ ਵਾਪਸੀ ਲਈ 17 ਸਾਲ ਸਰਕਾਰ ਨੂੰ ਚਿੱਠੀ ਪੱਤਰ ਜਾਂ ਜ਼ੁਬਾਨੀ ਮੰਗ ਕਰਨ ਤੋਂ ਇਲਾਵਾ ਅਗਲੀ ਲੋੜੀਂਦੀ ਠੋਸ ਅਤੇ ਅਦਾਲਤੀ ਕਾਰਵਾਈ ਕਿਉਂ ਨਹੀਂ ਕੀਤੀ?

> **ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਕੌਮੀ ਸਰਮਾਏ ਦੀ ਵਾਪਸੀ ਲਈ ਉਚ ਤਾਕਤੀ ਪੜਤਾਲੀਆ ਕਮੇਟੀ ਬਣਾਉਣ ਲਈ ਦਖਲ ਦੇਣ ਦੀ ਲੋੜ**

ਇਸ ਵਰਤਾਰੇ ਚ ਇਕ ਤਤਕਾਲੀ ਕੇਂਦਰੀ ਰੱਖਿਆ ਮੰਤਰੀ ਏ। ਕੇ। ਐਂਟੋਨੀ ਵੱਲੋਂ 21 ਮਈ 2009 ਰਾਜ ਸਭਾ ਵਿੱਚ 'ਚ ਕੀਤਾ ਗਿਆ ਇਹ ਦਾਅਵਾ ਤਾਂ ਕਿਤੇ ਸੱਚ ਨਹੀਂ ਕਿ ਫ਼ੌਜ ਨੇ ਜੋ ਸਮਾਨ ਜ਼ਬਤ ਕੀਤਾ ਸੀ ਉਹ ਸਾਰਾ ਸਮਾਨ ਵਾਪਸ ਮੋੜਿਆ ਜਾ ਚੁਕਾ ਹੈ ਹੁਣ ਫ਼ੌਜ ਜਾਂ ਸਰਕਾਰ ਕੋਲ ਕੋਈ ਵਸਤੂ ਨਹੀਂ ਹੈ। ਅਤੇ ਸ਼੍ਰੋਮਣੀ ਕਮੇਟੀ ਇਸ ਸੰਬੰਧੀ ਫ਼ੌਜ ਜਾਂ ਸਰਕਾਰ ਤੋਂ ਭਵਿੱਖ ਵਿੱਚ ਕੋਈ ਕਲੇਮ ਨਾ ਕਰਨ ਬਾਰੇ ਇੱਕ ਹਲਫ਼ਨਾਮਾ ਦਿੱਤਾ ਜਾ ਚੁਕਾ ਹੈ। ਭਾਵੇਂ ਕਿ ਸ਼੍ਰੋਮਣੀ ਕਮੇਟੀ ਉਕਤ ਦਾਅਵੇ ਨੂੰ ਬੇਸ਼ੱਕ ਨਕਾਰ ਚੁੱਕੀ ਹੈ।

ਇਹ ਸਚਾਈ ਵੀ ਛੁਪੀ ਨਹੀਂ ਰਹੀ ਕਿ ਫ਼ੌਜ ਅਤੇ ਸੀ ਬੀ ਆਈ ਵੱਲੋਂ ਕੌਮ ਦੇ ਅਨਮੋਲ ਖ਼ਜ਼ਾਨੇ ਦਾ ਇਕ ਵੱਡਾ ਹਿੱਸਾ ਸ਼੍ਰੋਮਣੀ ਕਮੇਟੀ ਨੂੰ ਵਾਪਸ ਮੋੜਿਆ ਜਾ ਚੁੱਕਿਆ ਹੈ। ਬੇਸ਼ੱਕ ਸਿੱਖ ਵਿਰਾਸਤ ਨੂੰ ਸੰਭਾਲਣ ਚ ਸ਼੍ਰੋਮਣੀ ਕਮੇਟੀ ਤੋਂ ਚੂਕ ਜਾਂ ਲਾਪਰਵਾਹੀ ਹੁੰਦੀ ਗਈ। ਸਬੂਤਾਂ ਦੇ ਅਧਾਰ ਤੇ ਜਾਣਕਾਰ ਦੱਸਦੇ ਹਨ ਕਿ ਸਤੰਬਰ 1984 ਨੂੰ ਹੀ ਸ਼੍ਰੋਮਣੀ ਕਮੇਟੀ ਨੂੰ ਫ਼ੌਜ ਨੇ ਕੁਝ ਥੈਲੇ ਵਾਪਸ ਦਿੱਤੇ। ਜਿਨ੍ਹਾਂ ਚ ਦੋ ਸੌ ਤੋਂ ਵਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ( ਜ਼ਿਆਦਾਤਰ ਹੱਥ ਲਿਖਤ ) ਇਤਿਹਾਸਕ ਦਸਤਾਵੇਜ਼ ਆਦਿ ਸ਼ਾਮਿਲ ਸਨ। ਵਸਤਾਂ ਦੀ ਸੂਚੀ ਤੇ ਫ਼ੌਜ ਵੱਲੋਂ ਪੀ ਐਨ ਸਵਾਨੀ, ਆਰ ਪੀ ਨਇਰ ਅਤੇ ਐੱਸ





ਐੱਸ ਢਿੱਲੋਂ ਦੇ ਦਸਤਖ਼ਤ ਸਨ। 2008-9 ਦੌਰਾਨ ਸ਼੍ਰੋਮਣੀ ਕਮੇਟੀ ਦੇ ਉਕਤ ਨਾਲ ਸੰਬੰਧਿਤ ਵਿਭਾਗ ਵਿਚ ਡਾਇਰੈਕਟਰ ਰਹੇ ਸ: ਅਨੁਰਾਗ ਸਿੰਘ ਤਾਂ ਇਹ ਦਾਅਵਾ ਕਰਦਾ ਹੈ ਕਿ ਸ਼੍ਰੋਮਣੀ ਕਮੇਟੀ ਕੋਲ ਉਕਤ ਵਸਤਾਂ ਦੀ ਵਾਪਸੀ ਦੀਆਂ ਰਸੀਦਾਂ ਫਾਈਲਾਂ ਵਿਚ ਮੌਜੂਦ ਹਨ। ਕੁਝ ਅਜਿਹੀਆਂ ਅਲਮਾਰੀਆਂ ਵੀ ਸਨ ਜਿਨ੍ਹਾਂ ਤੇ ਬੁੱਕ ਰਿਟਰਨ ਬਾਈ ਸੀਬੀਆਈ ( ਸੀਬੀਆਈ ਵੱਲੋਂ ਵਾਪਸ ਕੀਤੀਆਂ ਗਈਆਂ ਕਿਤਾਬਾਂ) ਆਦਿ ਅੰਕਿਤ ਸੀ। ਉਨ੍ਹਾਂ ਜਨਵਰੀ-ਜੂਨ 2009 ਵਿੱਚ ਫ਼ੌਜ ਵੱਲੋਂ ਚੁੱਕ ਕੇ ਲਿਜਾਈਆਂ ਗਈਆਂ ਵਸਤਾਂ ਦੀ ਵਾਪਸੀ ਵਿੱਚੋਂ 205 ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੇ ਪੁਰਾਤਨ ਹੱਥ ਲਿਖਤ ਸਰੂਪ, 28 ਹੁਕਮਨਾਮੇ, ਜਨਮ ਸਾਖੀ ਸਾਹਿਤ ਅਤੇ ਹੋਰ ਸਰੋਤਾਂ ਦੇ ਗ਼ਾਇਬ ਹੋਣ ਦੀ 350 ਸਫ਼ਿਆਂ ਦੀ ਇਕ ਪੜਤਾਲੀਆ ਰਿਪੋਰਟ ਤਿਆਰ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਦੇਣ ਦੇ ਦਾਅਵੇ ਨਾਲ ਇੱਥੋਂ ਤਕ ਦੋਸ਼ ਲਾਇਆ ਕਿ ਵਾਪਸ ਆਈਆਂ ਪਾਵਨ ਸਰੂਪਾਂ ਚੋਂ ਇਕ ਵਿਦੇਸ਼ ਵਿਚ ਕਿਸੇ ਵੱਲੋਂ ਮੋਟੀ ਰਕਮ ਲੈ ਕੇ ਵੇਚ ਦੇਣ ਅਤੇ ਫ਼ੌਜ ਵੱਲੋਂ ਕੇਂਦਰੀ ਅਜਾਇਬ ਘਰ ਤੋਂ ਉਠਾਈਆਂ ਗਈਆਂ ਪੇਂਟਿੰਗਾਂ ਵਿਚੋਂ ਵਾਪਸ ਆਈਆਂ 84 ਚੋਂ ਇਕ ਮਹਾਰਾਜਾ ਰਣਜੀਤ ਸਿੰਘ ਬਾਰੇ ਪੁਰਾਤਨ ਪੇਂਟਿੰਗ ਵਿਦੇਸ਼ ਚ ਨਿਲਾਮੀ ਹੋਣ ਤਕ ਪਹੁੰਚ ਗਈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਖ਼ੁਰਦ ਬੁਰਦ ਕਰਦਿਤੇ ਗਏ ਸਰਮਾਏ ਨੂੰ ਲੱਭਣ ਲਈ ਤਿਆਰ ਹੈ। ਸ਼੍ਰੋਮਣੀ ਕਮੇਟੀ ਦੇ ਇਕ ਅਡੀ/ਮੀਤ ਸਕੱਤਰ ਨੇ 2019 ਚ ਉਕਤ ਦੇ ਇਕ ਪੱਤਰ ਦੇ ਜਵਾਬ ਚ ਮੰਨਿਆ ਕਿ 1991 ਦੌਰਾਨ ਸੀਬੀਆਈ ਤੋਂ ਹੁਣ ਤਕ 109 ਦਸਤਾਵੇਜ਼ ਪ੍ਰਾਪਤ ਹੋਏ ਹਨ, ਇਸ ਦੀ ਪੁਸ਼ਟੀ ਮੁੱਖ ਸਕੱਤਰ ਵੱਲੋਂ ਵੀ ਪ੍ਰੈੱਸ ਕਾਨਫ਼ਰੰਸ ਦੌਰਾਨ ਕੀਤੀ ਗਈ।


ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਕਾਫ਼ੀ ਸਾਮਾਨ ਵੱਖ-ਵੱਖ ਤਰੀਕਾਂ ਨੂੰ ਮੋੜੇ ਜਾ ਚੁੱਕਾ ਹੋਣ ਬਾਰੇ ਦਸਤਾਵੇਜ਼ ਸਾਹਮਣੇ ਆਉਣ ਤੇ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਖ਼ਰਾਬ ਹੋ ਰਹੀ ਛਵੀ ਨੂੰ ਦਰੁਸਤ ਕਰਨ ਹਿਤ ਜੂਨ 2019 ਦੌਰਾਨ ਤਤਕਾਲੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਕ ਪੜਤਾਲੀਆ ਸਬ-ਕਮੇਟੀ ਬਣਾ ਦਿੱਤੀ। ਜਿਸ ਦੀਆਂ ਕੁਝ ਮੀਟਿੰਗ ਵੀ ਹੋਈਆਂ ਹਨ। ਪਰ ਹੁਣ ਤਕ ਨਤੀਜਾ ਸਾਰਥਿਕ ਆਉਂਦਾ ਨਜ਼ਰ ਨਹੀਂ ਆ ਰਿਹਾ। ਸਭ ਕੁਝ ਦੇਖਦਿਆਂ ਲੁਧਿਆਣਾ ਨਿਵਾਸੀ ਗੁਰਸਿੱਖ ਸ: ਸਤਿੰਦਰ ਸਿੰਘ ਨੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਪਿਛਲੇ ਸਾਲ ਸਤੰਬਰ ਵਿੱਚ ਪਟੀਸ਼ਨ ਦਾਖਲ ਕਰ ਦਿੱਤੀ ਹੈ। ਕਿਹਾ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਾਈ ਕੋਰਟ ਵਿੱਚ ਪੇਸ਼ ਕਰਨ ਲਈ ਲਿਸਟਾਂ ਬਣਾਉਣ ਦੀ ਪਹਿਲਕਦਮੀ ਕੀਤੀ ਜਾ ਰਹੀ ਹੈ। ਜੋ ਕਿ ਸਵਾਗਤ ਯੋਗ ਹੈ। ਹੁਣ ਇਹਨਾਂ ਦੇ ਸਹਾਰੇ ਸਾਰਾ ਖ਼ਜ਼ਾਨਾ ਲੱਭਣ ਵਿੱਚ ਇਕ ਸ਼ੁਰੂਆਤੀ ਰਸਤਾ ਬਣ ਗਿਆ ਹੈ ਤੇ ਦੋਸ਼ੀ ਵੀ ਪਛਾਣੇ ਜਾ ਸਕਣਗੇ। ਪਰ ਚੰਗਾ ਹੁੰਦਾ ਇਹ ਕਾਰਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਾਹੀਂ ਜਿਵੇਂ 328 ਪਾਵਨ ਸਰੂਪਾਂ ਦੇ ਮਾਮਲੇ ਚ ਉੱਚ ਤਾਕਤੀ ਪੜਤਾਲੀਆ ਕਮੇਟੀ ਬਣਾ ਕੇ ਕੀਤਾ ਗਿਆ ਉਸੇ ਤਰਜ਼ ਤੇ ਕਿਸੇ ਜਸਟਿਸ ਦੀ ਅਗਵਾਈ ਚ ਸਭ ਕਮੇਟੀ ਬਣਾਈ ਜਾਂਦੀ। ਜਿਸ ਨਾਲ ਕਿਸ ਦੇ ਕਾਰਜ-ਕਾਲ ਵਿੱਚ ਜੋ ਜੋ ਗ਼ਾਇਬ ਹੋਇਆ ਉਨ੍ਹਾਂ ਜ਼ਿੰਮੇਵਾਰ ਵਿਅਕਤੀਆਂ ਦੀ ਸ਼ਨਾਖ਼ਤ ਦੇ ਨਾਲ ਨਾਲ ਕੌਮ ਦਾ ਧਰੋਹਰ ਖ਼ਜ਼ਾਨਾ ਵੀ ਲੱਭਣ ਤੇ ਵਾਪਸ ਮਿਲਣ ਦੀ ਸੰਭਾਵਨਾ ਹੋਰ ਵਧ ਜਾਂਦੀ। ਉਮੀਦ ਹੈ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਮਸਲੇ ਵਲ ਸੰਜੀਦਗੀ ਦਿਖਾਉਣਗੇ।



# ਗੁਰਮੁਖੀ ਤੇ ਸ਼ਾਹਮੁਖੀ ਵਿਚ ਛਪੇਗਾ ਮੈਗਜ਼ੀਨ "ਆਪਣੀ ਆਵਾਜ਼"-ਮੁਹੰਮਦ ਆਸਿਫ਼ ਰਜ਼ਾ ਦੀ ਵਿਸ਼ੇਸ਼ ਕੋਸ਼ਿਸ਼

ਸਰੀ (ਹਰਦਮ ਮਾਨ)- ਪੰਜਾਬੀ ਬੋਲੀ ਦੇ ਸ਼ੁੱਭਚਿੰਤਕਾਂ, ਲੇਖਕਾਂ, ਅਦੀਬਾਂ, ਪਾਠਕਾਂ ਲਈ ਸ਼ੁੱਭ ਸੂਚਨਾ ਹੈ ਕਿ ਲਹਿੰਦੇ ਪੰਜਾਬ ਦੇ ਅਦੀਬ ਮੁਹੰਮਦ ਆਸਿਫ਼ ਰਜ਼ਾ ਵੱਲੋਂ ਪਹਿਲੀ ਵਾਰ ਪੰਜਾਬ ਬੋਲੀ ਦੀਆਂ ਦੋਹਾਂ ਲਿੱਪੀਆਂ (ਗੁਰਮੁਖੀ ਅਤੇ ਸ਼ਾਹਮੁਖੀ) ਵਿਚ ਇਕ ਮੈਗਜ਼ੀਨ "ਆਪਣੀ ਆਵਾਜ਼" ਛਾਪਿਆ ਜਾ ਰਿਹਾ ਹੈ ਜੋ ਕਿ ਇਕੋ ਵੇਲੇ ਲਾਹੌਰ ਅਤੇ ਜਲੰਧਰ ਤੋਂ ਛਪਿਆ ਕਰੇਗਾ। ਇਸ ਸਬੰਧੀ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਮੁਹੰਮਦ ਆਸਿਫ਼ ਰਜ਼ਾ ਨੇ ਕਿਹਾ ਹੈ ਕਿ ਇਸ ਤੋਂ ਪਹਿਲਾਂ ਵੀ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਸਾਡਾ ਇਹ ਕਾਰਜ ਵੀ ਟੁੱਟੇ ਹੋਏ ਮੁਹੱਬਤ ਦੇ ਧਾਗੇ ਨੂੰ ਫਿਰ ਤੋਂ ਜੋੜਨ ਵਾਲਾ ਅਮਲ ਹੈ। "ਆਪਣੀ ਆਵਾਜ਼" ਰਸਾਲਾ ਇਸ ਤੋਂ ਪਹਿਲਾਂ 13 ਅੰਕ ਅਦਬੀ ਦੁਨੀਆਂ ਵਿਚ ਪੇਸ਼ ਕਰ ਚੁੱਕਾ ਹੈ। ਇਸ ਸਾਰੇ ਉਦੱਮ ਪਿੱਛੇ ਜਨਾਬ ਸੁਰਿੰਦਰ ਸਿੰਘ ਸੁਨੱੜ ਹੋਰਾਂ ਦਾ ਵਿਸ਼ੇਸ਼ ਰੋਲ ਹੈ ਜੋ ਕਿ ਮਾਂ ਬੋਲੀ ਨਾਲ ਪਿਆਰ ਦੀ ਇੱਕ ਜ਼ਿੰਦਾ ਮਿਸਾਲ ਹਨ। ਉਹਨਾਂ ਨੇ ਆਪਣੀ ਬੇਹੱਦ ਮਸਰੂਫ਼ ਜ਼ਿੰਦਗੀ ਵਿਚ ਵੀ ਮਾਂ ਬੋਲੀ ਪੰਜਾਬੀ ਦਾ ਝੰਡਾ ਬੁਲੰਦ ਕੀਤੀ ਰੱਖਿਆ ਸੀ। ਫਿਰ ਕਿਸੇ ਕਾਰਨ ਲਗਾਤਾਰ ਇਹ ਪ੍ਰਕਾਸ਼ਿਤ ਨਾ ਹੋ ਸਕਿਆ। ਮਗਰ ਹੁਣ ਉਹ ਇਕ ਨਵੇਂ ਵਲਵਲੇ ਨਾਲ ਆਪਣੀ ਮਾਂ ਬੋਲੀ ਦਾ ਹੱਕ ਅਦਾ ਕਰਨ ਲਈ ਯਤਨਸ਼ੀਲ ਹਨ। ਪਾਕਿਸਤਾਨ ਤੋਂ ਮੁਹੰਮਦ ਆਸਿਫ਼ ਰਜ਼ਾ ਤੇ ਬਾਬਾ ਨਜਮੀ ਹੋਰੀਂ ਇਸ ਦੇ ਸ਼ਾਹਮੁਖੀ ਸੰਪਾਦਕੀ ਮੰਡਲ ਵਿਚ ਸ਼ਾਮਿਲ ਹਨ ਗੁਰਮੁਖੀ ਲਈ ਗੁਰਭਜਨ ਗਿੱਲ, ਲਖਵਿੰਦਰ ਸਿੰਘ ਜੌਹਲ, ਅਫ਼ਜ਼ਲ ਸਾਹਿਰ ਵਰਗੇ ਸਲਾਹਕਾਰ ਹੋਣਗੇ। ਉਨ੍ਹਾਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਕਲਮਕਾਰਾਂ ਤੋਂ ਲਿਖਤੀ ਤੌਰ ਤੇ ਸਾਥ ਦੇਣ ਦੀ ਉਮੀਦ ਕਰਦਿਆਂ ਕਿਹਾ ਹੈ ਕਿ ਕਲਮਕਾਰ ਦੋਸਤਾਂ ਦੇ ਹੁੰਗਾਰੇ ਨਾਲ ਹੀ ਪੰਜਾਬੀਅਤ ਦੇ ਇਸ ਮੁਹੱਬਤੀ ਬੂਟੇ ਨੂੰ ਪਰਵਾਨ ਚੜ੍ਹਾਇਆ ਜਾ ਸਕੇਗਾ। ਇਸ ਮੈਗਜ਼ੀਨ ਦਾ ਮੂਲ ਮਕਸਦ ਪੰਜਾਬੀਅਤ ਦੀ ਸਾਂਝੀ ਗੱਲ ਕਰਨ ਦਾ ਯਤਨ ਅਤੇ ਪੰਜਾਬੀ ਜ਼ੁਬਾਨ ਦੀ ਰਾਖੀ ਤੇ ਸੇਵਾ ਹੈ। ਹਰ ਮਹੀਨੇ 400 ਤੋਂ ਵੱਧ ਸਫ਼ਿਆਂ ਦੇ ਇਸ ਰਸਾਲੇ ਵਿਚ ਦੋਹਾਂ ਪੰਜਾਬਾਂ ਤੋਂ ਇਲਾਵਾ ਪੂਰੀ ਦੁਨੀਆਂ ਵਿਚ ਰਚੇ ਜਾਣ ਵਾਲੇ ਪੰਜਾਬੀ ਸਾਹਿਤ ਦੀ ਵੰਨਗੀ ਹੋਵੇਗੀ। ਮੁਹੰਮਦ ਆਸਿਫ਼ ਰਜ਼ਾ ਨੇ ਲਿਖਾਰੀ ਦੋਸਤਾਂ ਨੂੰ ਆਪਣੀਆਂ ਰਚਨਾਵਾਂ ਹਰ ਮਹੀਨੇ ਦੀ 15 ਤਾਰੀਖ਼ ਤੋਂ ਪਹਿਲਾਂ ਪਹਿਲਾਂ ਇਸ ਪਤੇ ਤੇ ਭੇਜਣ ਦੀ ਗੁਜ਼ਾਰਿਸ਼ ਕੀਤੀ ਹੈ- 00923054486520 (ਵਟਸਐਪ)




ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart & Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

## ਮਿਲਖਾ ਸਿੰਘ ਪੀ ਜੀ ਆਈ ਦਾਖਲ

ਚੰਡੀਗੜ੍ਹ-ਉਡਣਾ ਸਿੱਖ ਮਿਲਖਾ ਸਿੰਘ ਦਾ ਆਕਸੀਜਨ ਪੱਧਰ ਹੇਠਾਂ ਡਿੱਗ ਗਿਆ ਜਿਸ ਕਾਰਨ ਉਨ੍ਹਾਂ ਨੂੰ ਪੀਜੀਆਈ ਦੇ ਆਈਸੀਯੂ ਵਾਰਡ ਵਿਚ ਭਰਤੀ ਕੀਤਾ ਗਿਆ ਹੈ। ਉਨ੍ਹਾਂ ਦੀ ਹਾਲਤ ਸਥਿਰ ਹੈ ਤੇ ਡਾਕਟਰ ਲਗਾਤਾਰ ਨਿਗਰਾਨੀ ਰੱਖ ਰਹੇ ਹਨ। ਦੱਸਣਯੋਗ ਹੈ ਕਿ ਮਿਲਖਾ ਸਿੰਘ ਨੂੰ ਚਾਰ ਦਿਨ ਪਹਿਲਾਂ ਕਰੋਨਾ ਤੋਂ ਠੀਕ ਹੋਣ ਤੋਂ ਬਾਅਦ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚੋਂ ਛੁੱਟੀ ਦਿੱਤੀ ਗਈ ਸੀ। ਇਹ ਵੀ ਦੱਸਣਾ ਬਣਦਾ ਹੈ ਕਿ ਮਿਲਖਾ ਸਿੰਘ ਨੇ ਏਸ਼ੀਅਨ ਖੇਡਾਂ ਵਿਚ ਚਾਰ ਵਾਰ ਸੋਨ ਤਗਮਾ ਹਾਸਲ ਕੀਤਾ ਸੀ ਤੇ 1960 ਵਿਚ ਰੋਮ ਓਲੰਪਿਕਸ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਸੀ।

## ਮੇਹੁਲ ਚੌਕਸੀ ਦੀ ਭਾਰਤ ਹਵਾਲਗੀ ਲਈ ਰਾਹ ਪੱਧਰਾ

ਨਵੀਂ ਦਿੱਲੀ-ਕੈਰੇਬਿਆਈ ਦੇਸ਼ ਦੀ ਕੈਬਨਿਟ ਨੇ ਫੈਸਲਾ ਕੀਤਾ ਹੈ ਕਿ ਭਗੌੜੇ ਕਾਰੋਬਾਰੀ ਮੇਹੁਲ ਚੋਕਸੀ ਨੂੰ ਡੋਮਿਨਿਕਾ ਤੋਂ ਸਿੱਧਾ ਉਸ ਦੇ ਪਿਤਰੀ ਦੇਸ਼ ਭਾਰਤ ਭੇਜਿਆ ਜਾਵੇਗਾ। ਬੁੱਧਵਾਰ ਹੋਈ ਕੈਬਨਿਟ ਮੀਟਿੰਗ ਦੀ ਕਾਪੀ ਮੀਡੀਆ ਜ਼ਰੀਏ ਸਾਹਮਣੇ ਆਈ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਚੋਕਸੀ ਹੁਣ ਡੋਮਿਨਿਕਾ ਲਈ ਸਮੱਸਿਆ ਬਣ ਗਿਆ ਹੈ ਜੇ ਚੋਕਸੀ ਵਾਪਸ ਐਂਟੀਗੁਆ ਤੇ ਬਾਰਬੂਡਾ ਲਿਆਂਦਾ ਜਾਂਦਾ ਹੈ ਤਾਂ ਇਸੀ ਸਮੱਸਿਆ ਦਾ ਇਸ ਦੇਸ਼ ਨੂੰ ਸਾਹਮਣਾ ਕਰਨਾ ਪਵੇਗਾ। ਦੱਸਣਯੋਗ ਹੈ ਕਿ ਚੋਕਸੀ ਪੰਜਾਬ ਨੈਸ਼ਨਲ ਬੈਂਕ ਦੇ 13500 ਕਰੋੜ ਦੇ ਕਰਜ਼ ਘੁਟਾਲੇ ਵਿਚ ਭਾਰਤ ਨੂੰ ਲੋੜੀਂਦਾ ਹੈ।

J & S Insulation & Rebar Ltd.



*Residential & Commercial*

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**


**Best Price**

Sarbjit: 604.841.9849

SKY BLUE DRYWALL LTD.

*Residential & Commercial*

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh

778-549-3605

E: singh.mand@icloud.com

# ਸ਼ੋਰ ਸਾਈਡ ਫਿਸ਼ ਕੈਨਰੀ

**Students can also apply**

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ



**Forklift drivers needed**

ਫੌਰਕਲਿਫਟ ਡਰਾਈਵਰਾਂ ਦੀ ਲੋੜ ਹੈ।

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ

ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ

ਕਲਾਸ 4 ਦੇ ਡਰਾਈਵਰਾਂ ਦੀ ਲੋੜ ਹੈ।

ਕੰਮ ਤੇ ਹੁਣੇ ਜਾਣ ਲਈ ਫੋਨ ਕਰੋ:

**Ph: 604-244-1118**

**Fax: 604-270-3075**





# ਯੂ.ਕੇ. ਪ੍ਰਧਾਨ ਮੰਤਰੀ ਬੋਰਿਸ ਨੇ ਕਰਵਾਇਆ ਤੀਸਰਾ ਵਿਆਹ

ਲੰਡਨ-ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ (56) ਨੇ ਆਪਣੀ ਮੰਗੇਤਰ ਕੈਰੀ ਸਾਇਮੰਡਸ (33) ਨਾਲ ਵਿਆਹ ਕਰ ਲਿਆ ਹੈ। ਜੋੜੇ ਨੇ ਰੋਮਨ ਕੈਥੋਲਿਕ ਵੈਸਟਮਿੰਸਟਰ ਚਰਚ 'ਚ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ 'ਚ ਵਿਆਹ ਕੀਤਾ। ਡਾਊਨਿੰਗ ਸਟਰੀਟ ਦੇ ਤਰਜਮਾਨ ਨੇ ਕਿਹਾ ਕਿ ਸ਼ਨਿਚਰਵਾਰ ਦੁਪਹਿਰ ਸਮੇਂ ਸਾਦੇ ਅਤੇ ਸੰਖੇਪ ਜਿਹੇ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਅਤੇ ਸਾਇਮੰਡਸ ਨੇ ਵਿਆਹ ਰਚਾਇਆ। ਜੋੜੇ ਵੱਲੋਂ ਅਗਲੀ ਗਰਮੀਆਂ 'ਚ ਦੋਸਤਾਂ ਅਤੇ ਪਰਿਵਾਰ ਨਾਲ ਵਿਆਹ ਦੇ ਜਸ਼ਨ ਮਨਾਏ ਜਾਣਗੇ। ਕੈਰੀ ਦਾ ਇਹ ਪਹਿਲਾ ਜਦਕਿ ਪ੍ਰਧਾਨ ਮੰਤਰੀ ਦਾ ਤੀਜਾ ਵਿਆਹ ਹੈ। ਪਿਛਲੇ ਸਾਲ ਫਰਵਰੀ 'ਚ ਜੋੜੇ ਨੇ ਵਿਆਹ ਕਰਾਉਣ ਅਤੇ ਕੈਰੀ ਦੇ ਗਰਭਵਤੀ ਹੋਣ ਦਾ ਖੁਲਾਸਾ ਕੀਤਾ ਸੀ। ਜੌਹਸਨ ਕਰੀਬ 200 ਸਾਲਾਂ 'ਚ ਪਹਿਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਬਣ ਗਏ ਹਨ ਜੋ ਅਹੁਦੇ 'ਤੇ ਰਹਿੰਦਿਆਂ ਵਿਆਹੇ ਗਏ ਹਨ। ਸਾਲ 1822 'ਚ ਰੌਬਰਟ ਬੈਂਕਸ ਜੇਨਕਿਨਸਨ ਨੇ ਪ੍ਰਧਾਨ ਮੰਤਰੀ ਰਹਿੰਦਿਆਂ ਵਿਆਹ ਕੀਤਾ ਸੀ। ਇਸ ਤੋਂ ਪਹਿਲਾਂ ਜੌਹਨਸਨ ਨੇ ਕਲਾਕਾਰ ਤੇ ਪੱਤਰਕਾਰ ਐਲਿਗਰਾ ਮੋਸਟੀਨ-ਓਵੇਨ ਅਤੇ ਭਾਰਤੀ ਮੂਲ ਦੀ ਬੈਰਿਸਟਰ ਤੇ ਪੱਤਰਕਾਰ ਮੈਰੀਨਾ ਵ੍ਹੀਲਰ ਨਾਲ ਵਿਆਹ ਕੀਤਾ ਸੀ। ਜੌਹਨਸਨ ਅਤੇ ਵ੍ਹੀਲਰ ਨੇ 25 ਸਾਲ ਮਗਰੋਂ 2018 'ਚ ਤਲਾਕ ਦਾ ਐਲਾਨ ਕੀਤਾ ਸੀ ਅਤੇ ਇਹ 2020 'ਚ ਮੁਕੰਮਲ ਹੋਇਆ। ਡਾਊਨਿੰਗ ਸਟਰੀਟ ਨੇ ਵਿਆਹ ਸਮਾਗਮ 'ਚ ਸ਼ਮੂਲੀਅਤ ਕਰਨ ਵਾਲਿਆਂ ਦੇ ਵੇਰਵੇ ਸਾਂਝੇ ਨਹੀਂ ਕੀਤੇ ਹਨ। ਉਨ੍ਹਾਂ ਵੱਲੋਂ ਸਿਰਫ਼ ਇਕ ਤਸਵੀਰ ਨਸ਼ਰ ਕੀਤੀ ਗਈ ਹੈ ਜਿਸ 'ਚ ਜੋੜਾ ਵਿਆਹ ਮਗਰੋਂ ਬਾਗ਼ 'ਚ ਦਿਖਾਈ ਦੇ ਰਿਹਾ ਹੈ। ਸਾਇਮੰਡਸ ਨੇ ਕੰਜ਼ਰਵੇਟਿਵ ਪਾਰਟੀ ਦੇ ਪ੍ਰੈੱਸ ਦਫ਼ਤਰ 'ਚ 2010 ਤੋਂ ਕੰਮ ਕਰਨਾ ਸ਼ੁਰੂ ਕੀਤਾ ਸੀ ਅਤੇ ਦੋ ਸਾਲਾਂ ਬਾਅਦ ਉਸ ਨੇ ਜੌਹਨਸਨ ਦੇ ਲੰਡਨ ਮੇਅਰ ਵਜੋਂ ਮੁੜ ਤੋਂ ਚੁਣੇ ਜਾਣ ਲਈ ਚਲਾਈ ਗਈ ਮੁਹਿੰਮ ਨੂੰ ਸਫ਼ਲਤਾਪੂਰਬਕ ਚਲਾਇਆ ਸੀ। ਪਾਰਟੀ ਦੇ ਸੰਚਾਰ ਵਿਭਾਗ ਦੀ ਮੁਖੀ ਬਣਨ ਤੋਂ ਬਾਅਦ 2018 'ਚ ਉਸ ਨੇ ਨੌਕਰੀ ਛੱਡ ਦਿੱਤੀ ਸੀ ਅਤੇ ਓਸ਼ੀਆਨਾ ਕੰਪਨੀ 'ਚ ਲੋਕ ਸੰਪਰਕ ਦਾ ਕੰਮ ਸੰਭਾਲ ਲਿਆ ਸੀ।




## ਕੇਂਦਰ ਸਰਕਾਰ ਵਲੋ ਘੱਟੋ ਘੱਟ ਉਜਰਤਾਂ ਲਈ ਮਾਹਿਰਾਂ ਦੀ ਕਮੇਟੀ ਗਠਿਤ

ਨਵੀਂ ਦਿੱਲੀ-ਕੇਂਦਰ ਸਰਕਾਰ ਨੇ ਰਾਸ਼ਟਰੀ ਪੱਧਰ ਤੇ ਘੱਟੋ ਘੱਟ ਤਨਖਾਹ ਤੈਅ ਕਰਨ ਲਈ ਪ੍ਰੋਫੈਸਰ ਅਜੀਤ ਮਿਸ਼ਰਾ ਦੀ ਅਗਵਾਈ ਹੇਠ ਮਾਹਿਰਾਂ ਦੇ ਸਮੂਹ ਦਾ ਕਾਇਮ ਕੀਤਾ ਹੈ। ਕਿਰਤ ਮੰਤਰਾਲੇ ਨੇ ਬਿਆਨ ਜਾਰੀ ਕਰਦਿਆਂ ਕਿਹਾ, ਕਿਰਤ ਅਤੇ ਰੁਜ਼ਗਾਰ ਮੰਤਰਾਲੇ ਨੇ ਆਦੇਸ਼ ਜਾਰੀ ਕੀਤਾ ਹੈ ਅਤੇ ਰਾਸ਼ਟਰੀ ਪੱਧਰ @ਤੇ ਘੱਟੋ ਘੱਟ ਉਜਰਤਾਂ ਅਤੇ ਘੱਟੋ ਘੱਟ ਤਨਖਾਹਾਂ ਨਿਰਧਾਰਤ ਕਰਨ ਬਾਰੇ ਤਕਨੀਕੀ ਜਾਣਕਾਰੀ ਅਤੇ ਸਿਫਾਰਸ਼ਾਂ ਦੇਣ ਲਈ ਮਾਹਿਰ ਸਮੂਹ ਕਾਇਮ ਕੀਤਾ ਜਾਵੇ।÷ ਮਾਹਿਰ ਸਮੂਹ ਦੇ ਮੈਂਬਰਾਂ ਵਿੱਚ ਪ੍ਰੋਫੈਸਰ ਤਾਰਿਕਾ ਚੱਕਰਵਰਤੀ (ਆਈਆਈਐੱਮ ਕਲਕੱਤਾ) ਅਨੂਸ਼੍ਰੀ ਸਿਨਹਾ (ਸੀਨੀਅਰ ਫੈਲੋ, ਨੈਸ਼ਨਲ ਕੌਂਸਲ ਆਫ ਅਪਲਾਈਡ ਆਰਥਿਕ ਰਿਸਰਚ), ਵਿਭਾ ਭੱਲਾ (ਸੰਯੁਕਤ ਸਕੱਤਰ), ਐੱਚ ਸ੍ਰੀਨਿਵਾਸ (ਡਾਇਰੈਕਟਰ ਜਨਰਲ, ਵੀ ਵੀ ਗਿਰੀ ਨੈਸ਼ਨਲ ਲੇਬਰ ਇੰਸਟੀਚਿਊਟ) ਸ਼ਾਮਲ ਹਨ। ਕਿਰਤ ਅਤੇ ਰੁਜ਼ਗਾਰ ਮੰਤਰਾਲੇ ਦੇ ਸੀਨੀਅਰ ਕਿਰਤ ਅਤੇ ਰੁਜ਼ਗਾਰ ਸਲਾਹਕਾਰ ਡੀਪੀਐੱਸ ਨੇਗੀ ਮੈਂਬਰ ਸੱਕਤਰ ਹਨ।

## ਭਾਰਤ ਵਿਚ ਕਰੋਨਾ ਮਰੀਜ਼ਾਂ ਦੀ ਗਿਣਤੀ ਤਿੰਨ ਕਰੋੜ ਨੇੜੇ ਪੁੱਜੀ

ਨਵੀਂ ਦਿੱਲੀ-ਭਾਰਤ ਵਿਚ ਇਕ ਦਿਨ ਵਿਚ ਕੋਵਿਡ-19 ਦੇ 1,34,154 ਨਵੇਂ ਕੇਸਾਂ ਦੀ ਆਮਦ ਨਾਲ ਮਹਾਮਾਰੀ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ 2,84,41,986 ਤੇ ਪਹੁੰਚ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਵੀਰਵਾਰ ਸਵੇਰੇ 8 ਵਜੇ ਤੱਕ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਕਰੋਨਾ ਵਾਇਰਸ ਦੀ ਲਾਗ ਕਾਰਨ 2,887 ਮੌਤਾਂ ਹੋਣ ਕਾਰਨ ਇਹ ਗਿਣਤੀ 3,37,989 'ਤੇ ਪੁੱਜ ਗਈ। ਪੰਜਾਬ ਵਿੱਚ ਕਰੋਨਾ ਕਾਰਨ ਹੁਣ ਤੱਕ 14748 ਲੋਕਾਂ ਦੀ ਜਾਨ ਜਾ ਚੁੱਕੀ ਹੈ।

# Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI / SATURDAY / SUNDAY | 8 AM - 8 PM / 9 AM - 6 PM / 9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI / SATURDAY / SUNDAY | 9 AM - 8 PM / 9 AM - 5 PM / 9 AM - 5 PM |

ICBC autoplan

**OPEN 7 DAYS**

www.goldkeyinsurance.ca

# Rajan MANGOES exclusively available at fruiticana

SINCE 1994

## LOWEST PRICES IN TOWN

Extra Extra Super Special

**RAJAN MANGOES (HADEN AND ATAULFO) 4 kg**
ਰਾਜਨ ਅੰਬ ਹੈਡਨ ਅਤੇ ਅਟੈਲਫੋ
**$10.98 BOX**
*Number of pieces depends on the weight

Yellow Onions 50 lbs
ਪੀਲੇ ਗੰਢੇ
$9.98 bag

Almonds
ਬਦਾਮ
$3.98 lb

Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.99 bag

Extra Super Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$8.99 bag

Extra Super Super Special
Okra Extra Fancy
ਭਿੰਡੀ ਐਕਸਟਰਾ ਫੈਂਸੀ
$2.49 lb

Green Cardamom (Elaichi) MF
ਹਰੀ ਇਲਾਇਚੀ (ਐਮ.ਐਫ)
$26.99 lb

Super Special
Spinach
ਪਾਲਕ
2 bunches for $1.59

Super Special
Fresh Methi
ਤਾਜ਼ਾ ਮੇਥੀ
99¢ bunch

Zucchini Squash
ਜ਼ੁਕੀਨੀ ਸਕੁਐਸ਼
68¢ lb

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Super Special
Jumbo Cauliflower
ਵੱਡਾ ਗੋਬੀ ਦਾ ਫੁੱਲ
$1.99 ea.

Super Special
Cilantro
ਧਨੀਆ
3 bunches for 99¢

Sunbec Table Salt 1 kg
ਸਨਬਿੱਕ ਲੂਣ
99¢ ea.

Super Special
Pink Lady Apples
ਪੀਂਕ ਲੇਡੀ ਐਪਲ
88¢ lb

Super Special
Round Tomatoes
ਗੋਲ ਟਮਾਟਰ
98¢ lb

Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.

Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag

Red Delicious Apples
ਲਾਲ ਸਵਾਦ ਸੇਬ
98¢ lb

Pesi Gur Plain
ਪੇਸ਼ੀ ਗੁੜ
$2.49 lb

Fresh Garlic
ਤਾਜ਼ਾ ਲਸਣ
99¢ lb

Rapini (Sarson da Saag)
ਸਰਸੋਂ ਦਾ ਸਾਗ
$1.99 bunch

Red Onions 25 lbs
ਲਾਲ ਗੰਢੇ
$9.98 bag

KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.

Product images may differ from the actual product.

Fri June 04, 2021 - Wed June 09, 2021
We reserve the right to limit the quantities while they last

fruiticana hee jaana!
NEW LOCATION OPENING SOON

Head Office: 7676 Anvil Way, Surrey
604-502-0005
www.fruiticana.com

BUSINESS HOURS 9 AM - 9 PM 7 DAYS A WEEK

Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520